# ਆਤਮਿਕ ਅਧਿਕਾਰ

ਫ੍ਰੈਂਕਲਿਨ ਦੇ ਨੋਟਸ


I. ਜਾਣ-ਪਛਾਣ 2

II. ਯਿਸੂ, ਅਧਿਕਾਰ ਦੇ ਅਧੀਨ ਇੱਕ ਵਿਅਕਤੀ 3

III. ਪਹਿਲਾ ਵਿਦਰੋਹ 6

IV. ਅਧਿਕਾਰ ਨੂੰ ਰੱਦ ਕਰਨ ਦੇ ਨਤੀਜੇ 8

V. ਪਰਮੇਸ਼ੁਰ ਦੇ ਦੁਆਰਾ ਠਹਿਰਾਏ ਗਏ ਅਧਿਕਾਰ ਦਾ ਢਾਂਚਾ 13

A. ਪਰਿਵਾਰ 13

B. ਸਰਕਾਰ 14

C. ਕਲੀਸਿਯਾ 15

D. ਕਾਰੋਬਾਰ 15

VI. ਅਕਸਰ ਸਾਡੇ ਉੱਪਰਲੇ ਅਧਿਕਾਰ ਦੁਆਰਾ ਹੀ ਅਗਵਾਈ ਪਰਗਟ ਕੀਤੀ ਜਾਂਦੀ ਹੈ 16

VII. ਅਣਆਗਿਆਕਾਰੀ ਦੇ ਚਾਰ ਕਾਰਨ 17

VIII. ਅਧਿਕਾਰੀਆਂ ਨੂੰ ਪ੍ਰਤੀਉੱਤਰ ਦੇਣਾ 18

IX. ਜਦੋਂ ਤੁਹਾਨੂੰ ਕੁਝ ਅਜਿਹਾ ਕਰਨ ਲਈ ਕਿਹਾ ਜਾਂਦਾ ਹੈ ਜਿਸ ਨੂੰ ਤੁਸੀਂ ਗਲਤ ਸਮਝਦੇ ਹੋ ਤਾਂ ਇਸ ਸਥਿਤੀ ਲਈ ਸੱਤ ਕਦਮ 20

# ਆਤਮਿਕ ਅਧਿਕਾਰ

ਫ੍ਰੈਂਕਲਿਨ ਦੇ ਨੋਟਸ

## I. ਜਾਣ-ਪਛਾਣ

ਸਰਬ ਸ਼ਕਤੀਮਾਨ ਪਰਮੇਸ਼ੁਰ ਹੀ "ਇੱਕ ਅਧਿਕਾਰ" ਹੈ।

ਅਧਿਕਾਰ

1. ਹੁਕਮ ਦੇਣ ਅਤੇ ਉਨ੍ਹਾਂ ਨੂੰ ਲਾਗੂ ਕਰਨ ਦਾ ਇਖਤਿਆਰ ਅਤੇ ਸ਼ਕਤੀ।
2. ਦੂਸਰੇ ਨੂੰ ਪ੍ਰਦਾਨ ਕੀਤੀ (ਦਿੱਤੀ ਗਈ) ਸ਼ਕਤੀ।

ਇੱਕ ਚੰਗੀ ਉਦਾਹਰਣ ਇਹ ਹੈ: **ਲੂਕਾ** 7:2-10 ਸੂਬੇਦਾਰ

ਕਿਸੇ ਸੂਬੇਦਾਰ ਦਾ ਨੌਕਰ . . . ਰੋਗ ਨਾਲ ਮਰਨਾਊ ਸੀ . . . ਪਰ ਤੂੰ **ਨਿਰਾ ਬਚਨ ਹੀ ਉਚਾਰ** ਤਾਂ ਮੇਰਾ ਛੋਕਰਾ ਚੰਗਾ ਹੋ ਜਾਵੇਗਾ। [8]ਕਿਉਂ ਜੋ ਮੈਂ ਭੀ **ਇੱਕ ਮਨੁੱਖ** ਦੂਏ ਦੇ **ਹੁਕਮ ਵਿੱਚ** ਕੀਤਾ ਹੋਇਆ ਹਾਂ ਅਤੇ ਸਿਪਾਹੀਆਂ ਨੂੰ ਆਪਣੇ ਇਖ਼ਤਿਆਰ ਵਿੱਚ ਰੱਖਦਾ ਹਾਂ ਅਰ ਇੱਕ ਨੂੰ **ਆਖਦਾ ਹਾਂ**, **ਜਾਹ** ਤਾਂ ਉਹ ਜਾਂਦਾ ਹੈ ਅਤੇ ਦੂਏ ਨੂੰ ਕਿ **ਆ**, ਤਾਂ ਉਹ ਆਉਂਦਾ ਹੈ ਅਰ ਆਪਣੇ ਨੌਕਰ ਨੂੰ ਕਿ ਇਹ ਕਰ ਤਾਂ ਉਹ ਕਰਦਾ ਹੈ। [9]ਯਿਸੂ ਨੇ ਇਹ ਗੱਲਾਂ ਸੁਣ ਕੇ ਉਸ ਤੇ ਅਚਰਜ ਮੰਨਿਆ ਅਤੇ ਉਸ ਭੀੜ ਦੀ ਵੱਲ ਜੋ ਉਹ ਦੇ ਮਗਰ ਚੱਲੀ ਆਉਂਦੀ ਸੀ ਮੁੜ ਕੇ ਕਿਹਾ, ਮੈਂ ਤੁਹਾਨੂੰ ਆਖਦਾ ਹਾਂ ਜੋ ਇਸਰਾਏਲ ਵਿੱਚ ਵੀ ਮੈਂ **ਐਡੀ ਨਿਹਚਾ** ਨਹੀਂ ਵੇਖੀ!

ਇਸ ਤੋਂ ਅਸੀਂ ਆਪਣੀ ਪਹਿਲੀ ਅਤੇ ਮਹੱਤਵਪੂਰਣ ਸੱਚਾਈ ਸਿੱਖਦੇ ਹਾਂ:
ਤੁਹਾਡੇ ਕੋਲ ਉਦੋਂ ਤੱਕ ਅਧਿਕਾਰ ਨਹੀਂ ਹੁੰਦਾ ਜਦੋਂ ਤੱਕ ਤੁਸੀਂ ਖੁਦ ਅਧਿਕਾਰ ਦੇ ਅਧੀਨ ਨਹੀਂ ਰਹਿੰਦੇ

**ਰਸੂਲਾਂ ਦੇ ਕਰਤੱਬ** 8:12-24 ਸ਼ਮਊਨ ਨੇ ਪਤਰਸ ਅਤੇ ਯੂਹੰਨਾ ਦੇ ਅਧਿਕਾਰ ਨੂੰ ਖਰੀਦਣਾ ਚਾਹਿਆ।

**ਸੱਚਾ ਅਧਿਕਾਰ** ਇੱਕ ਉੱਚ ਅਧਿਕਾਰੀ ਦੁਆਰਾ **ਦਿੱਤਾ ਜਾਂਦਾ ਹੈ**। ਜੇਕਰ ਅਧਿਕਾਰ ਦਿੱਤਾ **ਨਹੀਂ** ਗਿਆ, ਸਗੋਂ ਆਪਣੇ ਆਪ ਲਿਆ ਗਿਆ ਹੈ, . . . ਤਾਂ **ਇਹ ਵਿਦਰੋਹ ਹੈ**।

ਹੋਰ ਉਦਹਾਰਣ: ਇੱਕ ਯਹੂਦੀ ਮੁੱਖ ਜਾਜਕ ਸਕੇਵਾ ਦੇ ਸੱਤ ਪੁੱਤਰ:
ਰਸੂਲਾਂ ਦੇ ਕਰਤੱਬ 19:11-17 [13]ਤਦੋਂ ਯਹੂਦੀਆਂ ਵਿੱਚੋਂ ਕਈ ਆਦਮੀਆਂ ਨੇ ਜੋ ਇੱਧਰ ਉੱਧਰ ਫਿਰਦਿਆਂ ਹੋਇਆਂ ਝਾੜ ਫੂਕ ਕਰਦੇ ਹੁੰਦੇ ਸਨ ਇਹ ਦਿਲੇਰੀ ਕੀਤੀ ਕਿ ਜਿਨ੍ਹਾਂ ਨੂੰ ਦੁਸ਼ਟ ਆਤਮੇ ਚਿੰਬੜੇ ਹੋਏ ਸਨ ਉਨ੍ਹਾਂ ਉੱਤੇ ਪ੍ਰਭੂ ਯਿਸੂ ਦਾ ਨਾਮ ਲੈ ਕੇ ਕਹਿਣ ਲੱਗੇ ਭਈ ਮੈਂ ਤੁਹਾਨੂੰ ਯਿਸੂ ਦੇ ਨਾਮ ਦੀ ਸੌਂਹ ਦਿੰਦਾ ਹਾਂ ਜਿਹ ਦੀ ਪੌਲੁਸ ਮਨਾਦੀ ਕਰਦਾ ਹੈ। . . . [15]ਪਰ ਦੁਸ਼ਟ ਆਤਮਾ ਨੇ ਓਹਨਾਂ ਨੂੰ ਉੱਤਰ ਦਿੱਤਾ ਭਈ ਮੈਂ ਯਿਸੂ ਨੂੰ ਸਿਆਣਦਾ ਹਾਂ ਅਤੇ ਪੌਲੁਸ ਨੂੰ ਮੈਂ ਜਾਣਦਾ ਹਾਂ ਪਰ ਤੁਸੀਂ ਕੌਣ ਹੋ? [16]ਅਤੇ ਉਹ ਮਨੁੱਖ ਜਿਹ ਨੂੰ ਦੁਸ਼ਟ ਆਤਮਾ ਚਿੰਬੜਿਆ ਹੋਇਆ ਸੀ ਟੁੱਟ ਕੇ ਓਹਨਾਂ ਉੱਤੇ ਆਣ ਪਿਆ ਅਤੇ ਦੋਹਾਂ ਨੂੰ ਵੱਸ ਵਿੱਚ ਲਿਆ ਕੇ ਓਹਨਾਂ ਤੇ ਐਡੀ ਸਖ਼ਤੀ ਕੀਤੀ ਜੋ ਓਹ ਨੰਗੇ ਅਤੇ ਘਾਇਲ ਹੋ ਕੇ ਉਸ ਘਰ ਵਿੱਚੋਂ ਭੱਜ ਨਿੱਕਲੇ।

ਇਸ ਤੋਂ ਅਸੀਂ ਆਪਣੀ ਦੂਸਰੀ ਸੱਚਾਈ ਸਿੱਖਦੇ ਹਾਂ:
ਆਤਮਿਕ ਯੁੱਧ ਦੇ ਲਈ ਆਤਮਿਕ ਅਧਿਕਾਰ ਜ਼ਰੂਰੀ ਹੈ।

ਪਰਮੇਸ਼ੁਰ ਦੇ ਲਈ ਕੰਮਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਨ ਤੋਂ ਪਹਿਲਾਂ ਸਾਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਅਸੀਂ ਅਧਿਕਾਰ ਦੇ ਅਧੀਨ ਹਾਂ ਅਤੇ ਸਾਨੂੰ **ਭੇਜਿਆ ਗਿਆ ਹੈ** (ਅਧਿਕਾਰ ਦਿੱਤਾ ਗਿਆ)।

"ਕੁਝ ਬੁਲਾਏ **ਜਾਂਦੇ ਹਨ** - ਕੁਝ ਭੇਜੇ **ਜਾਂਦੇ** ਹਨ - ਕੁਝ ਉੱਠੇ ਅਤੇ ਚਲੇ ਗਏ"।

ਉਦਹਾਰਣ: 2 ਸਮੂਏਲ 18:19-23 ਅਹੀਮਾਜ਼ ਰਾਜਾ ਦਾਊਦ ਨੂੰ ਦੱਸਣ ਲਈ ਭੱਜਣਾ ਚਾਹੁੰਦਾ ਸੀ

II. ਯਿਸੂ ਅਧਿਕਾਰ ਦੇ ਅਧੀਨ ਇੱਕ ਵਿਅਕਤੀ ਸੀ, ਇਸ ਲਈ ਉਹ **ਅਧਿਕਾਰ** ਅਤੇ **ਸਮਰੱਥਾ** ਨਾਲ **ਬੋਲਦਾ ਸੀ**।

ਕਿਵੇਂ "ਮਨੁੱਖ ਮਸੀਹ ਯਿਸੂ" ਨੇ ਆਪਣਾ ਅਧਿਕਾਰ ਪ੍ਰਾਪਤ ਕੀਤਾ?

**ਜਿਸ ਤਰ੍ਹਾਂ ਅਸੀਂ ਵੀ ਪ੍ਰਾਪਤ ਕਰਦੇ ਹਾਂ:**

**ਫਿਲਿੱਪੀਆਂ** 2:5-11

(5) **ਤੁਹਾਡਾ ਉਹੋ ਸੁਭਾਉ ਹੋਵੇ** ਜੋ ਮਸੀਹ ਯਿਸੂ ਦਾ ਭੀ ਸੀ

- "ਮਨ" ਨੂੰ ਆਗਿਆਤਮਕ ਮਿਜ਼ਾਜ ਵਿੱਚ ਹੋਣ ਦਿਓ। ਇੱਕ ਆਗਿਆ, ਅਧਿਕਾਰਤ

(6) ਕਿ ਉਸ ਨੇ **ਪਰਮੇਸ਼ੁਰ ਦੇ ਸਰੂਪ ਵਿੱਚ ਹੋ ਕੇ** ਪਰਮੇਸ਼ੁਰ ਦੇ **ਤੁੱਲ ਹੋਣਾ ਕਬਜ਼ੇ ਰੱਖਣ ਦੀ ਚੀਜ਼ ਨਾ ਜਾਣਿਆ**। (ਜੀਵਤ ਬਾਈਬਲ) ਪਹਿਲਾ ਕਦਮ।

ਭਾਵੇਂ ਕਿ ਉਸ ਨੇ ਸਾਨੂੰ ਅਧਿਕਾਰ ਦਿੱਤਾ ਹੈ ਕਿ ਅਸੀਂ ਉਹ ਕਰ ਸਕਦੇ ਹਾਂ ਜੋ ਸਾਨੂੰ ਚੰਗਾ ਲੱਗਦਾ ਹੈ **ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੇ ਅਧਿਕਾਰ ਪ੍ਰਭੂ ਯਿਸੂ ਮਸੀਹ ਨੂੰ ਦੇਈਏ ਜਾਂ ਸੌਂਪੀਏ।** ਕੀ ਇਹ ਉਸ ਦਾ ਰਾਜ ਹੈ . . . ਜਾਂ ਸਾਡਾ?

ਕੀ ਉਹ ਸਾਡਾ ਪ੍ਰਭੂ ਹੈ? ਜਾਂ ਅਸੀਂ ਆਪਣੇ ਜੀਵਨ ਦੇ ਪ੍ਰਭੂ ਆਪ ਹਾਂ?

- ਲੂਕਾ 6:46 **ਤੁਸੀਂ ਮੈਨੂੰ ਪ੍ਰਭੂ, ਪ੍ਰਭੂ ਕਰਕੇ ਕਿਉਂ ਪੁਕਾਰਦੇ ਹੋ ਪਰ ਜੋ ਮੈਂ ਕਹਿੰਦਾ ਹਾਂ ਸੋ ਨਹੀਂ ਕਰਦੇ?**

- ਬਿਵਸਥਾਸਾਰ 12:8-9 ਤੁਸੀਂ ਕੋਈ ਅਜੇਹਾ ਕੰਮ **ਨਾ** ਕਰਿਓ ਜਿਵੇਂ ਅੱਜ ਅਸੀਂ ਏਥੇ ਕਰਦੇ ਹਾਂ। ਏਥੇ ਹਰ ਮਨੁੱਖ **ਜੋ ਉਸ ਦੀ ਨਿਗਾਹ ਵਿੱਚ ਭਲਾ ਹੈ** ਉਹੀ ਕਰਦਾ ਹੈ।
- ਨਿਆਈਆਂ 17:6 ਉਸ ਵੇਲੇ ਇਸਰਾਏਲ ਵਿੱਚ ਪਾਤਸ਼ਾਹ ਕੋਈ ਨਹੀਂ ਸੀ। **ਸੱਭੇ ਮਨੁੱਖ ਜੋ ਕੁਝ ਉਨ੍ਹਾਂ ਨੂੰ ਚੰਗਾ ਲੱਗੇ ਓਹੋ ਕਰਦੇ ਸਨ।**

- ਕਹਾਉਤਾਂ 12:15 **ਮੂਰਖ ਦੀ ਚਾਲ** ਉਹ ਦੀ ਆਪਣੀ ਨਿਗਾਹ ਵਿੱਚ ਚੰਗੀ ਹੈ, ਪਰ ਬੁੱਧਵਾਨ ਸਲਾਹ ਨੂੰ ਮੰਨ ਲੈਂਦਾ ਹੈ।

**ਫਿਲਿੱਪੀਆਂ** 2:7 ਸਗੋਂ **ਉਸ ਨੇ ਆਪਣੇ ਆਪ ਨੂੰ ਸੱਖਣਾ ਕਰ ਕੇ ਦਾਸ** (ਬਿਵਸਥਾਸਾਰ 15:12-17) ਦਾ ਰੂਪ ਧਾਰਿਆ ਅਤੇ ਮਨੁੱਖਾਂ ਦੀ ਸੂਰਤ ਵਿੱਚ ਜੰਮਿਆ **ਦੂਸਰਾ ਕਦਮ।**

- ਸਾਰੇ ਮਨੁੱਖ ਇੱਕ ਅਹੁਦੇ ਲਈ ਜੱਦੋਜਹਿਦ ਕਰਦੇ ਹਨ, ਮਹੱਤਤਾ ਨੂੰ ਖੋਜਦੇ ਹਨ।
- ਪ੍ਰਭੂ ਦਾ ਰਾਹ: ਪਰ ਤੁਸੀਂ ਪਹਿਲਾਂ ਉਹ ਦੇ ਰਾਜ ਅਤੇ ਉਹ ਦੇ ਧਰਮ ਨੂੰ ਭਾਲੋ ਮੱਤੀ 6:33
- ਮੱਤੀ 20:26 ਤੁਹਾਡੇ ਵਿੱਚ ਅਜਿਹਾ ਨਾ ਹੋਵੇ ਪਰ ਜੋ ਕੋਈ ਤੁਹਾਡੇ ਵਿੱਚੋਂ ਵੱਡਾ ਹੋਣਾ ਚਾਹੇ ਸੋ ਤੁਹਾਡਾ ਟਹਿਲੂਆ ਹੋਵੇ।

- ਯੂਹੰਨਾ 5:19-20 ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ **ਪੁੱਤਰ ਆਪ ਤੋਂ ਕੁਝ ਨਹੀਂ ਕਰ ਸੱਕਦਾ** ਪਰ ਜੋ ਕੁਝ **ਉਹ** ਪਿਤਾ ਨੂੰ ਕਰਦਿਆਂ **ਵੇਖਦਾ** ਹੈ ਕਿਉਂਕਿ ਜੋ ਕੰਮ ਉਹ ਕਰਦਾ ਹੈ ਸੋ ਪੁੱਤਰ ਵੀ ਓਵੇਂ ਹੀ ਕਰਦਾ ਹੈ। ਪਿਤਾ ਤਾਂ **ਪੁੱਤਰ ਨਾਲ ਤੇਹ ਕਰਦਾ ਹੈ** ਅਤੇ ਜੋ ਕੰਮ ਉਹ ਆਪ ਕਰਦਾ ਹੈ ਸੋ ਸਭ **ਉਸ ਨੂੰ ਵਿਖਾਲਦਾ ਹੈ**

ਯੂਹੰਨਾ 1:35-39 ਦੋ ਚੇਲੇ ਯਿਸੂ ਦੇ ਮਗਰ ਗਏ . . . ਯਿਸੂ ਨੇ ਕਿਹਾ **ਆਓ** ਤਾਂ **ਵੇਖੋਗੇ**।

ਲੂਕਾ 24:31 ਇਮਾਊਸ ਦੇ ਰਾਹ ਉੱਤੇ ਦੋ . . . ਤਦ ਉਨ੍ਹਾਂ ਦੇ **ਨੇਤਰ ਖੁਲ੍ਹ ਗਏ** ਅਤੇ ਉਨ੍ਹਾਂ **ਉਸ ਨੂੰ ਸਿਆਣ ਲਿਆ**

ਹਬੱਕੂਕ 2:1 ਮੈਂ ਆਪਣੇ ਪਹਿਰੇ ਉੱਤੇ ਖਲੋਵਾਂਗਾ . . . **ਤੱਕਾਂਗਾ ਭਈ ਮੈਂ ਵੇਖਾਂ ਕਿ ਉਹ ਮੈਨੂੰ ਕੀ ਆਖੇ,**
ਜ਼ਬੂਰਾਂ ਦੀ ਪੋਥੀ 5:3 ਹੇ ਯਹੋਵਾਹ, ਤੂੰ **ਅੰਮ੍ਰਿਤ ਵੇਲੇ** ਮੇਰੀ ਅਵਾਜ਼ ਸੁਣੇਂਗਾ, ਅੰਮ੍ਰਿਤ ਵੇਲੇ ਮੈਂ ਤੇਰੇ ਲਈ ਤਿਆਰੀ ਕਰ ਕੇ ਤੇਰੀ **ਉਡੀਕ ਕਰਾਂਗਾ**।

- ਯੂਹੰਨਾ 5:30 **ਮੈਂ ਆਪ ਕੁਝ ਨਹੀਂ ਕਰ ਸੱਕਦਾ**। ਜਿਹਾ **ਮੈਂ ਸੁਣਦਾ ਹਾਂ** ਤਿਹਾ ਹੀ ਨਿਆਉਂ ਕਰਦਾ ਹਾਂ ਅਰ ਮੇਰਾ ਨਿਆਉਂ ਸੱਚਾ ਹੈ ਕਿਉਂ ਜੋ **ਮੈਂ ਆਪਣੀ ਮਰਜ਼ੀ ਨਹੀਂ ਭਾਲਦਾ ਪਰ ਉਹ ਦੀ ਮਰਜ਼ੀ ਜਿਹ ਨੇ ਮੈਨੂੰ ਘੱਲਿਆ**।

ਯੂਹੰਨਾ 13:1-4; 23-26 ਉਸ ਦੀ ਅਤੇ ਦੂਸਰਿਆਂ ਦੇ ਸੇਵਾ ਕਰਨਾ ਉਸ ਦੇ ਨੇੜੇ ਰਹਿ ਕੇ ਉਸ ਨੂੰ **ਸੁਣਨ** ਦੇ ਨਾਲ ਸ਼ੁਰੂ ਹੁੰਦਾ ਹੈ।

ਕਹਾਉਤਾਂ 8:34 **ਧੰਨ ਹੈ** ਉਹ ਆਦਮੀ **ਜੋ ਮੇਰੀ ਸੁਣਦਾ ਹੈ**, ਜੋ ਮੇਰੇ ਬੂਹਿਆਂ ਉੱਤੇ ਨਿੱਤ **ਉਡੀਕ ਕਰਦਾ**, ਅਤੇ ਮੇਰੇ ਦਰਵੱਜਿਆਂ ਦੀਆਂ ਚੁਗਾਠਾਂ ਕੋਲ **ਰਾਖੀ ਕਰਦਾ** ਹੈ।

**ਮੈਂ ਆਪਣੀ ਮਰਜ਼ੀ ਨਹੀਂ ਭਾਲਦਾ ਪਰ ਉਹ ਦੀ ਮਰਜ਼ੀ ਜਿਹ ਨੇ ਮੈਨੂੰ ਘੱਲਿਆ**। ਇਹ ਕੁੰਜੀ ਹੈ ਜੋ ਉਸ ਦੀ ਅਧਿਕਾਰ ਨਾਲ ਸੇਵਾ ਕਰਨ ਦੇ ਲਈ ਬੂਹਿਆਂ ਨੂੰ ਖੋਲ੍ਹਦੀ ਹੈ।

**ਫਿਲਿੱਪੀਆਂ** 2:8 **ਆਪਣੇ ਆਪ ਨੂੰ ਨੀਵਿਆਂ ਕੀਤਾ** ਅਤੇ ਮੌਤ ਤਾਈਂ ਸਗੋਂ **ਸਲੀਬ ਦੀ ਮੌਤ ਤਾਈਂ ਆਗਿਆਕਾਰ ਬਣਿਆ**। ਤੀਸਰਾ ਕਦਮ।

- ਦੁੱਖ ਝੱਲਣ ਦੀ ਕੀਮਤ ’ਤੇ ਵੀ ਯਿਸੂ ਨੇ ਆਗਿਆ ਦਾ ਪਾਲਣ ਕੀਤਾ।

- ਮੱਤੀ 16:24 ਤਦ ਯਿਸੂ ਨੇ ਆਪਣੇ ਚੇਲਿਆਂ ਨੂੰ ਕਿਹਾ, ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਤਾਂ **ਆਪਣੇ ਆਪ ਦਾ ਇਨਕਾਰ ਕਰੇ** ਅਤੇ **ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛੇ ਚੱਲੇ**। ਅਤੇ ਅਸੀਂ ਅਧਿਕਾਰ ਅਤੇ ਸ਼ਕਤੀ ਦੇ ਵਿੱਚ ਚੱਲਾਂਗੇ

**ਫਿਲਿੱਪੀਆਂ** 2:9 **ਇਸ ਕਾਰਨ** (ਮੌਤ ਤੱਕ ਆਗਿਆਕਾਰੀ) **ਪਰਮੇਸ਼ੁਰ ਨੇ ਵੀ ਉਸ ਨੂੰ** ਅੱਤ **ਉੱਚਿਆਂ ਕੀਤਾ** ਅਤੇ **ਉਸ ਨੂੰ** ਉਹ **ਨਾਮ ਦਿੱਤਾ** ਜਿਹੜਾ ਸਭਨਾਂ ਨਾਮਾਂ ਤੋਂ ਉੱਤਮ ਹੈ।

- ਜਦੋਂ ਤੁਸੀਂ ਇਨ੍ਹਾਂ ਤਿੰਨਾਂ ਕਦਮਾਂ ਦੇ ਅਨੁਸਾਰ ਚੱਲਦੇ ਹੋ, ਇਹੋ ਸਮਾਂ ਹੈ ਜਦੋਂ ਪਰਮੇਸ਼ੁਰ ਤੁਹਾਨੂੰ ਉੱਚਾ ਉਠਾਵੇਗਾ ਅਤੇ ਤੁਹਾਨੂੰ ਆਪਣੀ ਇੱਛਾ ਅਨੁਸਾਰ ਇੱਕ ਪਦਵੀ ਦੇਵੇਗਾ।

ਯਾਕੂਬ 4:10 ਪ੍ਰਭੂ ਦੇ ਅੱਗੇ **ਨੀਵੇਂ ਬਣੋ** ਤਾਂ **ਉਹ ਤੁਹਾਨੂੰ ਉੱਚਿਆਂ ਕਰੇਗਾ**।
ਕਹਾਉਤਾਂ 22:4 ਅਧੀਨਗੀ ਅਤੇ ਯਹੋਵਾਹ ਦਾ ਭੈ ਮੰਨਣ ਦਾ ਫਲ ਧਨ, ਆਦਰ ਅਤੇ ਜੀਉਣ ਹੈ।
ਯੂਹੰਨਾ 12:26 ਜੇ ਕੋਈ **ਮੇਰੀ ਸੇਵਾ ਕਰੇ** ਤਾਂ **ਮੇਰੇ** ਪਿੱਛੇ ਹੋ ਤੁਰੇ ਅਰ ਜਿੱਥੇ ਮੈਂ ਹਾਂ ਮੇਰਾ ਸੇਵਕ ਭੀ ਉੱਥੇ ਹੋਵੇਗਾ। ਜੇ ਕੋਈ ਮੇਰੀ ਸੇਵਾ ਕਰੇ ਤਾਂ **ਪਿਤਾ ਉਹ ਦਾ ਆਦਰ ਕਰੇਗਾ।**

ਯਿਸੂ ਨੇ ਆਪਣੇ ਸਲੀਬ ਚੜ੍ਹਾਏ ਜਾਣ ਅਤੇ ਜੀ ਉੱਠਣ ਤੋਂ ਬਾਅਦ ਹੀ ਇਹ ਕਿਹਾ:

- **ਅਤੇ ਯਿਸੂ ਨੇ ਕੋਲ ਆਣ ਕੇ ਉਨ੍ਹਾਂ ਨਾਲ ਗੱਲਾਂ ਕੀਤੀਆਂ ਅਤੇ ਆਖਿਆ, ਅਕਾਸ਼ ਅਤੇ ਧਰਤੀ ਦਾ ਸਾਰਾ ਇਖ਼ਤਿਆਰ ਮੈਨੂੰ ਦਿੱਤਾ ਗਿਆ ਹੈ।** 19 ਇਸ ਲਈ ਤੁਸੀਂ **ਜਾ ਕੇ** (ਅਧਿਕਾਰ ਦਿੱਤਾ) ਸਾਰੀਆਂ ਕੌਮਾਂ ਨੂੰ **ਚੇਲੇ ਬਣਾਓ** ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ **ਬਪਤਿਸਮਾ ਦਿਓ**। 20 ਅਰ ਉਨ੍ਹਾਂ ਨੂੰ **ਸਿਖਾਓ** ਭਈ ਉਨ੍ਹਾਂ ਸਾਰੀਆਂ ਗੱਲਾਂ ਦੀ **ਪਾਲਨਾ ਕਰਨ** ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਵੇਖੋ ਮੈਂ ਜੁਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ। ਮੱਤੀ 28:18-20

ਯਿਸੂ ਨੇ ਉਸ ਅਧਿਕਾਰ ਨੂੰ ਦੁਬਾਰਾ ਪ੍ਰਾਪਤ ਕੀਤਾ ਜਿਸ ਨੂੰ ਆਦਮ ਨੇ ਗੁਆ ਦਿੱਤਾ ਸੀ ਜਾਂ ਛੱਡ ਦਿੱਤਾ ਸੀ ਅਤੇ ਉਹ **ਅਧਿਕਾਰ** ਸਾਨੂੰ **ਦਿੰਦਾ ਹੈ** ਜਦੋਂ ਅਸੀਂ ਉਸ ਦੇ ਹੁਕਮਾਂ ਨੂੰ ਮੰਨਦੇ ਹਾਂ ਅਤੇ ਉਸ ਦੀ ਇੱਛਾ ਨੂੰ ਪੂਰਾ ਕਰਦੇ ਹਾਂ।

**ਜਦੋਂ ਅਸੀਂ ਆਪਣੇ ਅਧਿਕਾਰਾਂ ਨੂੰ ਛੱਡ ਦਿੰਦੇ ਹਾਂ - ਉਸ ਦੀ ਅਤੇ ਦੂਸਰਿਆਂ ਦੀ ਸੇਵਾ ਕਰਦੇ ਹਾਂ ਅਤੇ ਆਪਣੇ ਆਪ ਨੂੰ ਦੀਨ ਕਰਦੇ ਹਾਂ, ਇਹੋ ਹੈ ਜਦੋਂ ਅਸੀਂ ਭਰੋਸਾ ਜਿੱਤਾਂਗੇ ਅਤੇ ਅਧਿਕਾਰ ਸਾਨੂੰ ਦਿੱਤਾ ਜਾਵੇਗਾ।**

**ਫਿਲਿੱਪੀਆਂ** 2:10 **ਭਈ ਯਿਸੂ ਦਾ ਨਾਮ ਲੈ ਕੇ** ਅਕਾਸ਼ ਉਤਲਿਆਂ ਅਤੇ ਧਰਤੀ ਉਤਲਿਆਂ ਅਤੇ ਧਰਤੀ ਦੇ ਹੇਠਲਿਆਂ ਵਿੱਚੋਂ ਹਰ ਗੋਡਾ ਨਿਵਾਇਆ ਜਾਵੇ (11) ਅਤੇ ਹਰ ਜ਼ਬਾਨ ਪਰਮੇਸ਼ਰ ਪਿਤਾ ਦੀ ਵਡਿਆਈ ਲਈ ਮੰਨ ਲਵੇ ਜੋ ਯਿਸੂ ਮਸੀਹ ਪ੍ਰਭੂ ਹੈ!

- ਉਦਾਹਰਣ: ਲੂਕਾ 10:1-3, 9, 16-20 . . . ਮੈਂ ਤੁਹਾਨੂੰ ਇਖ਼ਤਿਆਰ ਦਿੱਤਾ ਹੈ

**ਸੱਚਾ ਅਧਿਕਾਰ** ਇੱਕ ਉੱਚ-ਅਧਿਕਾਰੀ **ਦੁਆਰਾ ਦਿੱਤਾ ਜਾਂਦਾ ਹੈ**। ਜੇਕਰ ਅਧਿਕਾਰ ਦਿੱਤਾ **ਨਹੀਂ** ਗਿਆ ਸਗੋਂ ਕੇਵਲ ਲਿਆ ਗਿਆ ਹੈ, . . . **ਇਹ ਵਿਦਰੋਹ ਹੈ**।

ਰੋਮੀਆਂ 13:1-2 ਹਰੇਕ ਪ੍ਰਾਣੀ **ਹਕੂਮਤਾਂ ਦੇ ਅਧੀਨ ਰਹੇ** ਕਿਉਂਕਿ ਅਜਿਹੀ ਕੋਈ ਹਕੂਮਤ ਨਹੀਂ ਜਿਹੜੀ ਪਰਮੇਸ਼ੁਰ ਦੀ ਵੱਲੋਂ ਨਾ ਹੋਵੇ . . . ਇਸ ਲਈ ਜਿਹੜਾ **ਹਕੂਮਤ ਦਾ ਸਾਹਮਣਾ ਕਰਦਾ ਹੈ ਉਹ ਪਰਮੇਸ਼ੁਰ ਦੇ ਇੰਤਜ਼ਾਮ ਦਾ ਸਾਹਮਣਾ ਕਰਦਾ ਹੈ** ਅਤੇ ਜਿਹੜੇ ਸਾਹਮਣਾ ਕਰਦੇ ਹਨ ਓਹ **ਦੰਡ** ਭੋਗਣਗੇ।

ਸਾਡੀ ਤੀਸਰੀ ਸੱਚਾਈ: ਜੋ ਉਸ ਨੇ ਠਹਿਰਾਇਆ ਹੈ ਉਸ ਦੇ ਵਿਰੁੱਧ **ਵਿਦਰੋਹ** ਕਰਨਾ **ਪਰਮੇਸ਼ੁਰ ਦੇ ਵਿਰੁੱਧ ਵਿਦਰੋਹ ਕਰਨਾ ਹੈ** ਅਤੇ ਇਸ ਦੀ ਸਜ਼ਾ ਮਿਲੇਗੀ!

- ਇਸ ਤਰ੍ਹਾਂ ਇਹ ਸਾਨੂੰ ਦੇਸ ਦੇ ਨਿਯਮਾਂ ਉੱਤੇ ਧਿਆਨ ਦੇਣ ਲਈ ਰੋਕਦਾ ਹੈ:
  ਰੁੱਕਣ ਦੇ ਨਿਸ਼ਾਨ - ਗਤੀ ਸੀਮਾ - ਕਰ ਅਤੇ ਹੋਰ ਬਹੁਤ ਸਾਰੇ।

III. ਪ੍ਰਭੂ ਪਰਮੇਸ਼ੁਰ ਦੇ ਅਧਿਕਾਰ ਦੇ ਵਿਰੁੱਧ **ਪਹਿਲਾ ਵਿਦਰੋਹ** ਉਸ ਦੇ ਸਿਰਜੇ ਗਏ ਦੂਤ **ਲੂਸੀਫ਼ਰ** ਦੁਆਰਾ ਕੀਤਾ ਗਿਆ (ਯਸਾਯਾਹ 14:12-16; ਹਿਜ਼ਕੀਏਲ 28:12-19)।

ਲੂਸੀਫ਼ਰ ਨੇ ਉਸ ਅਧਿਕਾਰ ਨੂੰ ਲੈਣ ਦੀ ਕੋਸ਼ਿਸ਼ ਕੀਤੀ ਜੋ ਉਸ ਨੂੰ ਦਿੱਤਾ ਨਹੀਂ ਗਿਆ ਸੀ ਅਤੇ ਪ੍ਰਭੂ ਪਰਮੇਸ਼ੁਰ ਦੇ ਵਿਰੁੱਧ **ਵਿਦਰੋਹ ਕੀਤਾ**।

ਲੂਸੀਫ਼ਰ ਦੀ **ਸਜ਼ਾ**: ਨਾਮ ਬਦਲ ਗਿਆ / ਆਪਣੀ ਪਦਵੀ ਨੂੰ ਗੁਆ ਦਿੱਤਾ / ਸਵਰਗ ਤੋਂ ਧਰਤੀ ਉੱਤੇ ਸੁੱਟਿਆ ਗਿਆ; ਅਤੇ ਅੰਤ ਅਥਾਹ ਕੁੰਡ ਅਤੇ ਅੱਗ ਦੀ ਝੀਲ ਵਿੱਚ ਸੁੱਟਿਆ ਗਿਆ।

ਅਧਿਕਾਰ ਦੇ ਵਿਰੁੱਧ ਵਿਦਰੋਹ ਇੱਕ **ਸ਼ਤਾਨੀ ਸਿਧਾਂਤ** ਹੈ ਅਤੇ ਇਸ ਦਾ ਨਤੀਜਾ ਤਾੜਨਾ ਜਾਂ ਸਜ਼ਾ ਹੁੰਦੀ ਹੈ।

**ਸ਼ਤਾਨ ਦਾ ਟੀਚਾ** ਹੈ ਕਿ ਉਹ ਜਿੰਨਿਆਂ ਨੂੰ ਹੋ ਸਕਦਾ ਹੈ ਵਿਦਰੋਹ ਦੇ ਵਿੱਚ ਆਪਣੇ ਮਗਰ ਲਾਵੇ। ਉਸ ਦੇ ਪਹਿਲੇ ਸ਼ਿਕਾਰ ਆਦਮ ਅਤੇ ਹੱਵਾਹ ਸਨ ਅਤੇ ਉਦੋਂ ਤੋਂ ਅਣਗਿਣਤ।

**ਦੂਸਰਾ ਵਿਦਰੋਹ**: ਆਦਮ ਅਤੇ ਹੱਵਾਹ:

ਪ੍ਰਭੂ ਪਰਮੇਸ਼ੁਰ ਨੇ **ਆਦਮ ਅਤੇ ਹੱਵਾਹ** ਨੂੰ ਧਰਤੀ ਦੇ ਉੱਤੇ ਅਧਿਕਾਰ ਦਿੱਤਾ (ਉਤਪਤ 1:28)। ਉਨ੍ਹਾਂ ਨੇ ਸੱਪ ਦੇ ਤਰਕ ਨੂੰ ਸੁਣਨ ਅਤੇ ਉਸ ਨੂੰ ਮੰਨਣ ਤੋਂ ਬਾਅਦ ਪਰਮੇਸ਼ੁਰ ਦੇ ਵਚਨ ਦਾ ਇਨਕਾਰ ਕੀਤਾ ਅਤੇ ਆਪਣੇ ਅਧਿਕਾਰੀ ਖੁਦ ਬਣੇ। ਇਸ ਤਰ੍ਹਾਂ ਕਰਨ ਨਾਲ ਉਹ **ਉਸ ਦੇ ਗੁਲਾਮ ਬਣ ਗਏ**।

- ਰੋਮੀਆਂ 6:16 **ਭਲਾ, ਤੁਸੀਂ ਨਹੀਂ ਜਾਣਦੇ ਹੋ** ਭਈ **ਆਗਿਆ ਮੰਨਣ ਲਈ ਜਿਹ ਦੇ ਹੱਥ ਤੁਸੀਂ ਆਪਣੇ ਆਪ ਨੂੰ ਦਾਸ ਬਣਾ ਕੇ ਸੌਂਪ ਦਿੰਦੇ ਹੋ ਤੁਸੀਂ ਉਸੇ ਦੇ ਦਾਸ ਹੋ ਜਿਹ ਦੀ ਆਗਿਆ ਮੰਨਦੇ ਹੋ** ਭਾਵੇਂ ਮੌਤ ਲਈ ਪਾਪ ਦੇ, ਭਾਵੇਂ ਧਰਮ ਲਈ **ਆਗਿਆਕਾਰੀ** ਦੇ।

ਆਦਮ ਅਤੇ ਹੱਵਾਹ ਨੂੰ **ਜੋ ਅਧਿਕਾਰ ਧਰਤੀ ਦੇ ਉੱਤੇ ਸੀ, ਉਹ ਉਨ੍ਹਾਂ ਨੇ ਉਸ ਨੂੰ ਦੇ ਦਿੱਤਾ** ਜਿਸ ਦੀ ਉਨ੍ਹਾਂ ਨੇ ਗੱਲ **ਮੰਨੀ**, ਉਹ **ਦੁਸ਼ਟ** ਜੋ ਮਾਰਦਾ, ਚੁਰਾਉਂਦਾ ਅਤੇ ਨਾਸ ਕਰਦਾ ਹੈ।
ਇਸ ਦੀ ਪੁਸ਼ਟੀ ਸ਼ਤਾਨ ਵੱਲੋਂ ਯਿਸੂ ਨੂੰ ਬੋਲੇ ਗਏ ਕਥਨ ਨਾਲ ਹੁੰਦੀ ਹੈ।

- ਲੂਕਾ 4:5-7 ਤਾਂ ਸ਼ਤਾਨ ਨੇ ਉਹ ਨੂੰ ਉੱਚੀ ਥਾਂ ਲੈ ਜਾ ਕੇ ਉਹ ਨੂੰ **ਦੁਨੀਆ ਦੀਆਂ ਸਾਰੀਆਂ ਪਾਤਸ਼ਾਹੀਆਂ** ਇੱਕ ਪਲ ਵਿੱਚ ਵਿਖਾਈਆਂ। 6ਅਤੇ ਉਹ ਨੂੰ ਆਖਿਆ, **ਮੈਂ ਇਹ ਸਾਰਾ ਇਖ਼ਤਿਆਰ ਅਤੇ ਉਨ੍ਹਾਂ ਦੀ ਭੜਕ**

**ਤੈਨੂੰ ਦਿਆਂਗਾ** ਕਿਉਂ ਜੋ **ਇਹ ਮੇਰੇ ਵੱਸ ਵਿੱਚ ਕੀਤਾ ਹੋਇਆ ਹੈ** ਅਰ ਜਿਹ ਨੂੰ ਚਾਹੁੰਦਾ ਉਹ ਨੂੰ ਦਿੰਦਾ ਹਾਂ।
7ਸੋ ਜੇ ਤੂੰ ਮੇਰੇ ਅੱਗੇ ਮੱਥਾ ਟੇਕੇਂ ਤਾਂ ਸੱਭੋ ਕੁਝ ਤੇਰਾ ਹੋਵੇਗਾ।

ਪਰਮੇਸ਼ੁਰ ਨੇ ਆਦਮ ਅਤੇ ਹੱਵਾਹ ਨੂੰ **ਝਿੜਕਿਆ** ਅਤੇ ਉਨ੍ਹਾਂ ਨੂੰ ਬਾਗ ਦੇ ਵਿੱਚੋਂ ਬਾਹਰ ਕੱਢ ਦਿੱਤਾ (ਇੱਕ ਤਰ੍ਹਾਂ ਪਰਮੇਸ਼ੁਰ ਦਾ ਰਾਜ) – **ਉਹ ਅਜੇ ਵੀ ਪਰਮੇਸ਼ੁਰ ਦੇ ਹੀ ਸਨ** (ਉਸ ਨੇ ਉਨ੍ਹਾਂ ਨੂੰ ਚਮੜੇ ਨਾਲ ਢੱਕਿਆ, ਲਹੂ ਵਹਾਇਆ ਗਿਆ। ਉਤਪਤ 3:21) – ਪਰ ਹੁਣ ਉਹ "***ਅੰਧਕਾਰ ਦੇ ਸ਼ਾਸ਼ਨ*** (ਰਾਜ)" **ਅਧੀਨ ਰਹਿੰਦੇ ਸਨ** (ਕੁਲੁੱਸੀਆਂ 1:13) ਜੋ "**ਇਸ ਸੰਸਾਰ ਦੇ ਸ਼ਾਸ਼ਕ" ਦੇ ਵੱਸ ਵਿੱਚ ਹੈ** (ਯੂਹੰਨਾ 12:31; 16:11)।

ਅਤੇ ਇਹੋ ਹੈ ਜਿੱਥੇ ਸਾਰੀ ਮਨੁੱਖ ਜਾਤੀ ਅੱਜ ਪ੍ਰਭੂ ਯਿਸੂ ਮਸੀਹ ਦੀ ਮੁਕਤੀ ਪਾਉਣ **ਤੱਕ** ਰਹਿੰਦੀ ਹੈ।

- ਕੁਲੁੱਸੀਆਂ 1:13 ਅਤੇ **ਸਾਨੂੰ ਅੰਧਕਾਰ ਦੇ ਵੱਸ ਵਿੱਚੋਂ ਛੁਡਾ ਕੇ ਆਪਣੇ ਪਿਆਰੇ ਪੁੱਤਰ ਦੇ ਰਾਜ ਵਿੱਚ ਪੁਚਾ ਦਿੱਤਾ**।


ਕਿਰਪਾ ਕਰਕੇ ਇਸ ਨੂੰ ਪਛਾਣੋ ਅਤੇ ਇਸ ਦੇ ਬਾਰੇ ਚੌਕਸ ਹੋਵੋ ਕਿ ਤੁਸੀਂ ਕਿਸ ਦੀ ਗੱਲ ਸੁਣਦੇ ਹੋ ਅਤੇ ਕਿਸ ਦੀ ਗੱਲ ਮੰਨਦੇ ਹੋ।

ਇਹ ਯਕੀਨੀ ਬਣਾਉਣ ਦਾ ਇੱਕ ਢੰਗ ਵਚਨ ਨੂੰ ਜਾਣਨਾ ਹੈ ਕਿ ਦੁਸ਼ਟ ਤੁਹਾਨੂੰ ਧੋਖਾ ਨਹੀਂ ਦੇ ਰਿਹਾ ਜਿਵੇਂ ਉਸ ਨੇ "ਵਚਨ" ਦੇ ਦੁਆਰਾ ਯਿਸੂ ਨੂੰ ਧੋਖਾ ਦੇਣ ਦੀ ਕੋਸ਼ਿਸ਼ ਕੀਤੀ।

- ਜ਼ਬੂਰਾਂ ਦੀ ਪੋਥੀ 119:11 ਮੈਂ ਤੇਰੇ ਬਚਨ ਨੂੰ ਆਪਣੇ ਮਨ ਵਿੱਚ ਜਮਾ ਕਰ ਲਿਆ, ਤਾਂ ਜੋ ਤੇਰਾ ਪਾਪ ਨਾ ਕਰਾਂ।

- ਮੱਤੀ 7:13-14 ਭੀੜੇ ਫਾਟਕ ਤੋਂ ਵੜੋ ਕਿਉਂ ਜੋ ਮੋਕਲਾ ਹੈ ਉਹ ਫਾਟਕ ਅਤੇ ਖੁੱਲ੍ਹਾ ਹੈ ਉਹ ਰਾਹ ਜਿਹੜਾ ਨਾਸ ਨੂੰ ਜਾਂਦਾ ਹੈ ਅਰ **ਬਹੁਤੇ** ਹਨ ਜਿਹੜੇ ਉਸ ਤੋਂ ਜਾਂਦੇ ਹਨ। (ਇੱਕ ਵਿਦਰੋਹੀ ਭੀੜ ਦੇ ਮਗਰ ਚੱਲਣਾ) 14ਅਤੇ ਭੀੜਾ ਹੈ ਉਹ ਫਾਟਕ ਅਤੇ ਸੌੜਾ ਹੈ ਉਹ ਰਾਹ ਜਿਹੜਾ ਜੀਉਣ ਨੂੰ ਜਾਂਦਾ ਹੈ ਅਤੇ ਜੋ ਉਸ ਨੂੰ ਲੱਭਦੇ ਹਨ ਸੋ **ਵਿਰਲੇ** ਹਨ। (ਪਰਮੇਸ਼ੁਰ ਦੇ ਮਗਰ ਚੱਲਣਾ)। ਜ਼ਬੂਰ 1; ਕਹਾਉਤਾਂ 4:14-23; 10:9

ਤੁਸੀਂ ਕਿਸ ਦੇ ਮਗਰ ਚੱਲ ਰਹੇ ਹੋ? ਭੀੜ ਦੇ? ਜਾਂ ਪਰਮੇਸ਼ੁਰ ਦੇ?



## IV. ਅਧਿਕਾਰ ਨੂੰ ਰੱਦ ਕਰਨ ਦੇ ਕੁਝ ਨਤੀਜੇ ਹਨ - ਕੁਝ ਬਹੁਤ ਗੰਭੀਰ ਹਨ

ਰਾਜਾ ਸ਼ਾਊਲ ਦੁਆਰਾ ਆਪਣੇ ਅਧਿਕਾਰੀ ਦੀ ਆਗਿਆ ਨਾ ਮੰਨਣ ਦੀ ਉਦਾਹਰਣ:

1. ਉਸ ਦੀ ਸੰਤਾਨ ਨੇ ਉਸ ਵਿਰਾਸਤ ਨੂੰ ਗੁਆ ਦਿੱਤਾ ਜੋ ਉਨ੍ਹਾਂ ਦੀ ਹੋ ਸਕਦੀ ਸੀ

1 ਸਮੂਏਲ 13:13-14 ਤਾਂ ਸਮੂਏਲ ਨੇ ਸ਼ਾਊਲ ਨੂੰ ਆਖਿਆ, ਤੈਂ ਮੂਰਖਤਾਈ ਕੀਤੀ ਹੈ ਇਉਂ ਜੋ ਤੈਂ ਯਹੋਵਾਹ ਆਪਣੇ ਪਰਮੇਸ਼ੁਰ ਦੀ ਆਗਿਆ ਦੀ ਰਾਖੀ ਨਹੀਂ ਕੀਤੀ ਜੋ ਉਸ ਨੇ ਤੈਨੂੰ ਦਿੱਤੀ ਸੀ, **ਨਹੀਂ ਤਾਂ ਯਹੋਵਾਹ ਹੁਣ ਤੋਂ ਸਦੀਪਕ ਤੋੜੀ ਤੇਰਾ ਰਾਜ ਇਸਰਾਏਲ ਵਿੱਚ ਠਹਿਰਾ ਦਿੰਦਾ।** ਪਰ ਹੁਣ ਤਾਂ ਤੇਰਾ ਰਾਜ ਨਾ ਠਹਿਰੇਗਾ ਕਿਉਂ ਜੋ ਯਹੋਵਾਹ ਨੇ ਇੱਕ ਆਪਣੇ ਮਨ ਦੇ ਅਨੁਸਾਰੀ ਮਨੁੱਖ ਨੂੰ ਭਾਲਿਆ ਅਤੇ ਯਹੋਵਾਹ ਨੇ ਆਪਣੇ ਲੋਕਾਂ ਦੇ ਪਰਧਾਨ ਬਣਨ ਲਈ ਉਹ ਨੂੰ ਆਗਿਆ ਕੀਤੀ ਕਿਉਂ ਜੋ ਤੈਂ ਯਹੋਵਾਹ ਦੀ ਆਗਿਆ ਨੂੰ ਜੋ ਉਸ ਨੇ ਤੈਨੂੰ ਦਿੱਤੀ ਸੀ ਨਹੀਂ ਮੰਨਿਆ।

2. ਉਸ ਨੇ ਆਪਣੇ ਅਹੁਦੇ ਅਤੇ ਸੇਵਾ ਨੂੰ ਗੁਆ ਦਿੱਤਾ

1 ਸਮੂਏਲ 15:10-11 ਤਦ ਯਹੋਵਾਹ ਦਾ ਬਚਨ ਸਮੂਏਲ ਨੂੰ ਅੱਪੜ ਪਿਆ . . . **ਕਿਉਂ ਜੋ ਉਹ ਮੇਰੇ ਮਗਰ ਤੁਰਨ ਤੋਂ ਭੌਂ ਗਿਆ ਹੈ** ਅਤੇ **ਉਸ ਨੇ ਮੇਰੇ ਹੁਕਮਾਂ ਨੂੰ ਪੂਰਾ ਨਾ ਕੀਤਾ**।
ਆਇਤਾਂ 22-23 ਸਮੂਏਲ ਬੋਲਿਆ, (ਸ਼ਾਊਲ ਲਈ) —ਭਲਾ, ਯਹੋਵਾਹ ਹੋਮ ਦੀਆਂ ਭੇਟਾਂ ਅਤੇ ਬਲੀਆਂ ਨਾਲ ਪਰਸੰਨ ਹੁੰਦਾ ਹੈ, ਯਾ ਇਸ ਗੱਲ ਉੱਤੇ ਜੋ ਉਹ ਦੀ ਅਵਾਜ਼ **ਸੁਣੀ ਜਾਵੇ**? ਵੇਖ, **ਮੰਨਣਾ** ਭੇਟਾਂ ਚੜ੍ਹਾਉਣ ਨਾਲੋਂ ਅਤੇ ਸਰੋਤਾ ਬਣਨਾ (ਧਿਆਨ ਦੇਣ ਲਈ) ਛੱਤਰਿਆਂ ਦੀ ਚਰਬੀ ਨਾਲੋਂ ਚੰਗਾ ਹੈ, ਕਿਉਂ ਜੋ **ਬਗਾਵਤ ਅਤੇ ਜਾਦੂਗਰੀ ਦਾ ਪਾਪ ਇੱਕੋ ਜਿਹਾ ਹੈ**, (ਜਾਦੂ ਸ਼ਕਤੀਆਂ ਦੀ ਵਰਤੋਂ ਖਾਸ ਤੌਰ ਤੇ ਦੁਸ਼ਟ ਆਤਮਾਵਾਂ ਦੁਆਰਾ ਪ੍ਰਾਪਤ ਕੀਤੀ ਜਾਂਦੀ ਹੈ, ਦੁਸ਼ਟ ਨੂੰ ਇੱਕ ਜਾਇਜ਼ ਅਧਿਕਾਰ ਦੇਣ ਦੇ ਦੁਆਰਾ) ਅਤੇ **ਖਚਰਊ ਅਤੇ ਬਦੀ ਅਤੇ ਮੂਰਤੀ ਪੂਜਾ ਇੱਕੋ ਜਿਹੀ ਹੈ।** ਸੋ ਜਿਹਾ ਤੈਂ ਯਹੋਵਾਹ ਦੇ ਬਚਨ ਨੂੰ ਰੱਦਿਆ ਹੈ, **ਤਿਹਾ ਹੀ ਉਸ ਨੇ ਪਾਤਸ਼ਾਹ ਰਹਿਣ ਤੋਂ ਤੈਨੂੰ ਰੱਦਿਆ ਹੈ।** (ਬਿਵਸਥਾਸਾਰ 18:10+)

ਸ਼ਾਊਲ ਦੀ ਲਗਾਤਾਰ **ਅਣਆਗਿਆਕਾਰੀ** ਦਾ ਨਤੀਜਾ ਉਸ ਦਾ ਆਪਣੇ ਅਹੁਦੇ ਨੂੰ ਗੁਆ ਦੇਣਾ ਹੋਇਆ (**ਸਦੀਪਕ ਜੀਵਨ ਨਹੀਂ**) ਅਤੇ ਇਹ ਇਸ ਲਈ ਸੀ, ਕਿਉਂਕਿ ਪਰਮੇਸ਼ੁਰ ਉਸ ਦੇ ਬਾਰੇ ਕੀ ਸੋਚਦਾ ਹੈ ਇਸ ਨਾਲੋਂ ਜ਼ਿਆਦਾ ਉਹ ਇਹ ਚਿੰਤਾ ਕਰਦਾ ਸੀ ਕਿ ਲੋਕ ਉਸ ਦੇ ਬਾਰੇ ਕੀ ਸੋਚਦੇ ਹਨ।

ਆਇਤ 24 . . . ਮੈਂ ਲੋਕਾਂ ਤੋਂ ਜੋ **ਡਰਿਆ . . .**

ਤੁਸੀਂ ਉਸ ਦੀ ਆਗਿਆਕਾਰੀ ਕਰੋਗੇ ਜਿਸ ਤੋਂ ਤੁਸੀਂ ਡਰਦੇ ਹੋ।
**ਜੇਕਰ ਪਿਆਰ** ਆਗਿਆ ਮੰਨਣ ਲਈ ਕਾਫ਼ੀ ਪ੍ਰੇਰਣਾ ਨਹੀਂ ਹੈ, ਤਾਂ **ਡਰ** ਹੋਣਾ ਚਾਹੀਦਾ ਹੈ।

ਕਹਾਉਤਾਂ 16:6 ਯਹੋਵਾਹ ਦਾ ਭੈ ਮੰਨਣ ਕਰਕੇ ਲੋਕ ਬੁਰਿਆਈ ਤੋਂ ਪਰੇ ਰਹਿੰਦੇ ਹਨ।

ਮਾਪਿਆਂ ਨੂੰ ਵੀ ਸਾਡੇ ਸਵਰਗੀ ਪਿਤਾ ਦੇ ਵਾਂਗ ਆਪਣੇ ਬੱਚਿਆਂ ਨੂੰ **ਪਿਆਰ** ਕਰਨਾ ਚਾਹੀਦਾ ਹੈ ਅਤੇ **ਅਨੁਸ਼ਾਸ਼ਿਤ** ਕਰਨਾ ਚਾਹੀਦਾ ਹੈ, ਜੇਕਰ ਲੋੜ ਪਵੇ ਤਾਂ ਉਨ੍ਹਾਂ ਨੂੰ ਡਰਾ ਕੇ ਵੀ ਰੱਖਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਨੂੰ ਆਗਿਆ ਮੰਨਣਾ ਸਿਖਾਇਆ ਜਾਵੇ

ਪਰਮੇਸ਼ੁਰ ਦੇ ਵਚਨ (ਅਧਿਕਾਰ) ਦੀ **ਅਣ-ਆਗਿਆਕਾਰੀ** ਕਰਨ ਦੇ ਕਾਰਨ ਸ਼ਾਊਲ ਨੂੰ ਇਹ **ਕੀਮਤ** ਭਰਨੀ ਪਈ:

1. ਉਸ ਦੀ ਪਦਵੀ! 2. ਬਹੁਤ ਸਾਰੀਆਂ ਸਮੱਸਿਆਵਾਂ!

ਕਿਉਂਕਿ **ਕਿਉਂ ਜੋ ਬਗਾਵਤ ਅਤੇ ਜਾਦੂਗਰੀ ਦਾ ਪਾਪ ਇੱਕੋ ਜਿਹਾ ਹੈ,** ਸ਼ਾਊਲ ਸ਼ਤਾਨ ਦੇ ਰਾਜ ਵਿੱਚ ਦਾਖਲ ਹੋ ਗਿਆ ਸੀ, ਉਸ ਨੇ ਸੱਚੇ ਮਨ ਤੋਂ ਤੋਬਾ ਨਹੀਂ ਕੀਤੀ ਸੀ ਅਤੇ ਆਪਣੇ ਪਾਪ ਦਾ ਅੰਗੀਕਾਰ ਨਹੀਂ ਕੀਤਾ ਸੀ, ਇਸ ਲਈ:

1 ਸਮੂਏਲ 16:14 ਪਰ ਸ਼ਾਊਲ ਉੱਤੋਂ ਯਹੋਵਾਹ ਦਾ ਆਤਮਾ ਅੱਡ ਹੋ ਗਿਆ ਅਤੇ **ਯਹੋਵਾਹ ਵੱਲੋਂ ਇੱਕ ਦੁਸ਼ਟ ਆਤਮਾ ਉਹ ਨੂੰ ਅਕਾਉਣ ਲੱਗਾ।**

- ਪੁਰਾਣੇ ਨੇਮ ਦੇ ਵਿੱਚ ਪਵਿੱਤਰ ਆਤਮਾ ਉਨ੍ਹਾਂ ਨੂੰ ਸ਼ਕਤੀ ਦੇਣ ਅਤੇ ਅਧਿਕਾਰ ਦੇਣ ਲਈ ਦਿੱਤਾ ਗਿਆ ਸੀ ਜਿਨ੍ਹਾਂ ਨੂੰ ਪਰਮੇਸ਼ੁਰ ਨੇ ਆਪਣੀ ਸੇਵਾ ਕਰਨ ਲਈ ਚੁਣਿਆ ਸੀ। ਜਦੋਂ ਉਹ ਆਗਿਆ ਦਾ ਪਾਲਣ ਨਹੀਂ ਕਰਦੇ ਸਨ ਤਾਂ ਉਨ੍ਹਾਂ ਤੋਂ ਪਵਿੱਤਰ ਆਤਮਾ ਹਟ ਜਾਂਦਾ ਸੀ।

- ਕਹਾਉਤਾਂ 17:11 ਭੈੜਾ ਪੁਰਸ਼ ਬੱਸ ਆਕੀਪੁਣਾ ਕਰਨਾ ਹੀ ਚਾਹੁੰਦਾ ਹੈ, ਸੋ ਇੱਕ ਜ਼ਾਲਮ ਹਰਕਾਰਾ ਉਹ ਦੇ ਵਿਰੁੱਧ ਘੱਲਿਆ ਜਾਵੇਗਾ।

ਇਹ ਰਾਜਾ ਸ਼ਾਊਲ ਦੇ ਆਪਣੇ ਉੱਪਰਲੇ ਅਧਿਕਾਰੀ ਪਰਮੇਸ਼ੁਰ ਦੀ ਆਗਿਆ ਨਾ ਮੰਨਣ ਦਾ ਗੰਭੀਰ ਨਤੀਜਾ ਜਾਂ ਪਰਿਣਾਮ ਸੀ।

- ਸ਼ਾਊਲ ਪਰਮੇਸ਼ੁਰ ਦਾ ਸੀ, ਇਸ ਲਈ "ਦੁਸ਼ਟ ਆਤਮਾ" ਪਰਮੇਸ਼ੁਰ ਦੀ ਮਨਜ਼ੂਰੀ ਤੋਂ ਬਿਨ੍ਹਾਂ ਸ਼ਾਊਲ਼ ਨੂੰ ਪਰੇਸ਼ਾਨ ਨਾ ਕਰ ਸਕੀ।

- ਸ਼ਾਊਲ ਨੇ ਆਗਿਆ ਮੰਨਣ ਤੋਂ ਇਨਕਾਰ ਕੀਤਾ ਕਿਉਂ ਜੋ ਬਗਾਵਤ ਅਤੇ ਜਾਦੂਗਰੀ ਦਾ ਪਾਪ ਇੱਕੋ ਜਿਹਾ ਹੈ, ਅਤੇ ਤੁਸੀਂ ਉਸੇ ਦੇ ਦਾਸ ਹੋ ਜਿਹ ਦੀ ਆਗਿਆ ਮੰਨਦੇ ਹੋ ਇਸ ਲਈ "ਦੁਸ਼ਟ ਆਤਮਾ" ਨੂੰ ਜਾਇਜ਼ ਅਧਿਕਾਰ ਸੀ। ਅਤੇ ਇਸ ਲਈ ਪਰਮੇਸ਼ੁਰ ਨੇ ਪਰੇਸ਼ਾਨ ਕਰਨ ਦੀ ਮਨਜ਼ੂਰੀ ਦਿੱਤੀ।

- ਪਰਮੇਸ਼ੁਰ ਦੇ ਆਪਣੇ ਲੋਕਾਂ ਦੇ ਲਈ ਵੱਡੇ ਪਿਆਰ ਦੇ ਕਾਰਨ, ਅਤੇ ਸਾਡੀ ਉਸ ਦੇ ਗਵਾਹ ਹੋਣ ਦੀ ਜ਼ਿੰਮੇਵਾਰੀ ਦੇ ਕਾਰਨ ਅਤੇ ਇਸ ਧਰਤੀ ਦੇ ਉੱਤੇ ਉਸ ਦੇ ਰਾਜਦੂਤ ਹੋਣ ਦੇ ਕਾਰਨ ਉਹ ਸਾਨੂੰ ਅਨੁਸ਼ਾਸ਼ਿਤ ਕਰਦਾ ਹੈ। "ਸਾਨੂੰ ਦੁਸ਼ਟ ਤੋਂ ਛੁਡਾਉਣ ਲਈ"।

*"ਪਰਮੇਸ਼ੁਰ ਦੇ ਬੱਚੇ"* ਹੋਣ ਦੇ ਕਾਰਨ ਕਿਸੇ ਦੂਸਰੇ "ਅਧਿਕਾਰੀ" ਨੂੰ ਸਾਡੇ ਉੱਤੇ ਕੋਈ ਅਧਿਕਾਰ ਨਹੀਂ ਹੈ ਜਦੋਂ ਤੱਕ ਕਿ ਸਾਡੇ "ਅਧਿਕਾਰੀ" ਦੁਆਰਾ ਇਸ ਦੀ ਆਗਿਆ ਨਹੀਂ ਦਿੱਤੀ ਜਾਂਦੀ।

ਜਿਵੇਂ ਯਿਸੂ ਨੇ ਆਖਿਆ: ਤਦ ਪਿਲਾਤੁਸ ਨੇ ਉਸ ਨੂੰ ਆਖਿਆ . . . ਕੀ ਤੂੰ ਨਹੀਂ ਜਾਣਦਾ ਜੋ ਇਹ ਮੇਰੇ ਵੱਸ ਵਿਚ ਹੈ ਕਿ ਭਾਵੇਂ ਤੈਨੂੰ ਛੱਡ ਦਿਆਂ ਭਾਵੇਂ ਤੈਨੂੰ ਸਲੀਬ ਉੱਤੇ ਚੜ੍ਹਾਵਾਂ? ਯਿਸੂ ਨੇ ਉਹ ਨੂੰ ਉੱਤਰ ਦਿੱਤਾ ਜੇ ਤੈਨੂੰ ਇਹ ਉੱਪਰੋਂ ਨਾ ਦਿੱਤਾ ਜਾਂਦਾ ਤਾਂ ਮੇਰੇ ਉੱਤੇ ਤੇਰਾ ਕੁਝ ਵੱਸ ਨਾ ਚੱਲਦਾ। ਯੂਹੰਨਾ 19:10-11

- ਅਸੀਂ ਵੀ ਇਹੋ ਕਥਨ ਨੂੰ ਆਖ ਸਕਦੇ ਹਾਂ। ਜੋ "ਯਿਸੂ ਪਰਮੇਸ਼ੁਰ ਦੇ ਪੁੱਤਰ" ਲਈ ਸੱਚ ਹੈ ਉਹ ਸਾਡੇ ਲਈ, "ਪਰਮੇਸ਼ੁਰ ਦੇ ਬੱਚਿਆਂ" ਲਈ ਵੀ ਸੱਚ ਹੈ।

- ਇੱਕ ਦੁਨਿਆਵੀ ਜਾਂ ਆਤਮਿਕ ਅਧਿਕਾਰ ਦਾ ਸਾਡੇ ਉੱਤੇ ਕੋਈ ਇਖ਼ਤਿਆਰ ਨਹੀਂ ਹੋ ਸਕਦਾ ਜੇ ਇਹ ਉੱਪਰੋਂ ਨਾ ਦਿੱਤਾ ਗਿਆ ਹੋਵੇ। ਸਲਹ

ਇਸ ਲਈ ਮੈਂ ਇਸ ਸਲਾਹ ਉੱਤੇ ਜ਼ੋਰ ਦਿੰਦਾ ਹਾਂ: **ਉਪਰੰਤ ਤੁਸੀਂ ਪਰਮੇਸ਼ੁਰ ਦੇ ਅਧੀਨ ਹੋਵੋ।** ਪਰ ਸ਼ਤਾਨ ਦਾ **ਸਾਹਮਣਾ** ਕਰੋ ਤਾਂ ਉਹ ਤੁਹਾਡੇ ਕੋਲੋਂ ਭੱਜ ਜਾਵੇਗਾ। ਯਾਕੂਬ 4:7

- ਇਹ ਇਸ ਦੀ ਵਿਆਖਿਆ ਵੀ ਕਰਦਾ ਹੈ: ਮੱਤੀ 18:21-35 ("ਸਤਾਉਣ ਵਾਲੇ" ਆਇਤ 34)

**ਇਹ ਇਸ ਬਾਰੇ ਪ੍ਰਸ਼ਨ ਹੈ: ਤੁਸੀਂ ਕਿਸ ਦੀ ਆਗਿਆ ਮੰਨਦੇ ਹੋ? ਤੁਸੀਂ ਕਿਸ ਦੇ ਅਧੀਨ ਹੁੰਦੇ ਹੋ?**

**ਜ਼ਿਆਦਾਤਰ ਜੋ ਤੁਹਾਡੇ ਨਾਲ ਹੁੰਦਾ ਹੈ ਉਹ ਇਸ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ:**

**ਤੁਸੀਂ ਕਿਸ ਦਾ ਵਿਰੋਧ ਕਰਦੇ ਹੋ? ਅਤੇ ਤੁਸੀਂ ਕਿਸ ਦੀ ਆਗਿਆ ਮੰਨਦੇ ਹੋ?**

3. ਉਸ ਦਾ ਸਰੀਰਕ ਜੀਵਨ ਘਟਾ ਦਿੱਤਾ ਗਿਆ

1 ਸਮੂਏਲ 28:19 ਨਾਲੇ ਯਹੋਵਾਹ ਤੇਰੇ ਸਣੇ ਇਸਰਾਏਲ ਨੂੰ ਫਲਿਸਤੀਆਂ ਦੇ ਹੱਥ ਵਿੱਚ ਕਰ ਦੇਵੇਗਾ ਅਤੇ **ਭਲਕੇ ਤੂੰ ਅਤੇ ਤੇਰੇ ਪੁੱਤਰ ਮੇਰੇ ਕੋਲ ਹੋਵੋਗੇ** ਅਤੇ ਇਸਰਾਏਲੀ ਦਲ ਨੂੰ ਵੀ ਯਹੋਵਾਹ ਫਲਿਸਤੀਆਂ ਦੇ ਹੱਥ ਵਿੱਚ ਕਰ ਦੇਵੇਗਾ।

ਕਿਉਂਕਿ ਇੱਕ ਵਿਅਕਤੀ ਜਿਸ ਨੂੰ ਪਰਮੇਸ਼ੁਰ ਦੇ ਲੋਕਾਂ ਉੱਤੇ ਅਧਿਕਾਰ ਦਾ ਉੱਚਾ ਸਥਾਨ ਦਿੱਤਾ ਗਿਆ ਹੋਵੇ, ਉਸ ਦੇ ਲਗਾਤਾਰ ਅਣਆਗਿਆਕਰ ਜਾਂ ਵਿਦਰੋਹੀ ਹੋਣ ਦੇ ਕਾਰਨ ਪਰਮੇਸ਼ੁਰ ਉਸ ਨੂੰ ਘਰ ਬੁਲਾ ਸਕਦਾ ਹੈ।

ਕਹਾਉਤਾਂ 29:1 ਜਿਹੜਾ ਝੱਟੇ ਬਿੰਦੇ ਤਾੜ ਖਾ ਕੇ ਵੀ ਧੌਣ ਦਾ ਅਕੜੇਵਾਂ ਕਰੇ, ਉਹ ਅਚਾਣਕ ਭੰਨਿਆ ਜਾਵੇਗਾ, ਅਤੇ ਤਦ ਉਹ ਦਾ ਕੋਈ ਉਪਾਉ ਨਾ ਹੋਵੇਗਾ।

ਪਰਮੇਸ਼ੁਰ ਦੀ ਆਗਿਆ ਮੰਨਣ ਅਤੇ ਲੰਮੇ ਅਤੇ ਤੰਦਰੁਸਤ ਜੀਵਨ ਦੇ ਵਿੱਚ ਇੱਕ ਸਿੱਧਾ ਸਬੰਧ ਹੈ:

ਅਫਸੀਆਂ 6:1-3 ਹੇ ਬਾਲਕੋ, ਤੁਸੀਂ ਪ੍ਰਭੂ ਵਿੱਚ **ਆਪਣੇ ਮਾਪਿਆਂ ਦੇ ਆਗਿਆਕਾਰ ਰਹੋ** ਕਿਉਂ ਜੋ ਇਹ ਧਰਮ ਦੀ ਗੱਲ ਹੈ। 2ਤੂੰ ਆਪਣੇ ਮਾਂ ਪਿਉ ਦਾ **ਆਦਰ** ਕਰ ਭਈ **ਤੇਰਾ ਭਲਾ ਹੋਵੇ** ਅਰ **ਧਰਤੀ ਉੱਤੇ ਤੇਰੀ ਉਮਰ ਲੰਮੀ ਹੋਵੇ**।3ਇਹ ਵਾਇਦੇ ਨਾਲ ਪਹਿਲਾ ਹੁਕਮ ਹੈ।

ਕਹਾਉਤਾਂ 3:7-8 ਤੂੰ ਆਪਣੀ ਨਿਗਾਹ ਵਿੱਚ ਬੁੱਧਵਾਨ ਨਾ ਹੋ, **ਯਹੋਵਾਹ ਦਾ ਭੈ ਰੱਖ** ਅਤੇ **ਬੁਰਿਆਈ ਤੋਂ ਲਾਂਭੇ ਰਹੁ**। ਏਸ ਤੋਂ **ਤੇਰੀ ਨਾਭੀ ਨਿਰੋਗ, ਅਤੇ ਤੇਰੀਆਂ ਹੱਡੀਆਂ ਪੁਸ਼ਟ ਰਹਿਣਗੀਆਂ।**

1 ਕੁਰਿੰਥੀਆਂ 11:27-32 . . . ਜਿਹੜਾ ਖਾਂਦਾ ਅਤੇ ਪੀਂਦਾ ਹੈ ਜੇ ਉਹ ਸਰੀਰ ਦੀ ਜਾਚ ਨਾ ਕਰੇ ਤਾਂ ਆਪਣੇ ਉੱਤੇ ਡੰਨ ਲਾ ਕੇ ਖਾਂਦਾ ਪੀਂਦਾ ਹੈ। **ਇਸੇ ਕਾਰਨ ਬਾਹਲੇ ਤੁਹਾਡੇ ਵਿੱਚ ਨਿਤਾਣੇ ਅਤੇ ਰੋਗੀ ਹਨ ਅਤੇ ਕਈਕੁ ਸੁੱਤੇ ਪਏ ਹਨ।** ਪਰ ਜੇ ਅਸੀਂ ਆਪਣੇ ਆਪ ਨੂੰ ਜਾਚਦੇ ਤਾਂ ਜਾਚੇ ਨਾ ਜਾਂਦੇ।ਪਰ ਜਾਂ ਜਾਚੇ ਜਾਂਦੇ ਹਾਂ ਤਾਂ ਪ੍ਰਭੂ ਤੋਂ ਤਾੜੇ ਜਾਂਦੇ ਹਾਂ ਤਾਂ ਜੋ ਅਸੀਂ ਸੰਸਾਰ ਨਾਲ ਦੋਸ਼ੀ ਨਾ ਠਹਿਰਾਏ ਜਾਈਏ।

1 **ਕੁਰਿੰਥੀਆਂ** 10:1-13 ਦੇ ਵਿੱਚ ਸਾਡੇ ਲਈ ਇੱਕ ਸਖ਼ਤ ਚੇਤਾਵਨੀ ਹੈ ਜੋ ਇਸਰਾਏਲ ਦੇ ਮਿਸਰ ਤੋਂ ਛੁਟਕਾਰੇ ਦੇ ਨਾਲ ਸਬੰਧਿਤ ਹੈ। (11) ਸੋ ਏਹ ਗੱਲਾਂ ਓਹਨਾਂ ਉੱਤੇ **ਨਸੀਹਤ** ਦੇ ਲਈ ਹੋਈਆਂ ਅਤੇ **ਸਾਨੂੰ ਮੱਤ ਦੇਣ ਲਈ ਲਿਖੀਆਂ ਹੋਈਆਂ ਹਨ** ਜਿਨ੍ਹਾਂ ਉੱਤੇ ਜੁੱਗਾਂ ਦੇ ਅੰਤ ਆਣ ਪਹੁੰਚੇ ਹਨ।

ਇਸਰਾਏਲ ਉਨ੍ਹਾਂ ਦੇ ਉੱਪਰਲੇ ਅਧਿਕਾਰੀ ਦੇ ਵਿਰੁੱਧ ਵਿਦਰੋਹ ਕਰਦਾ ਹੈ ਅਤੇ ਆਗਿਆ ਮੰਨਣ ਅਤੇ ਦੇਸ ਵਿੱਚ ਦਾਖਲ ਹੋਣ ਤੋਂ ਇਨਕਾਰ ਕਰਦਾ ਹੈ:

ਗਿਣਤੀ 14:22-25 ਫੇਰ ਵੀ ਓਹ ਸਾਰੇ ਮਨੁੱਖ ਜਿਨ੍ਹਾਂ ਨੇ ਮੇਰੇ ਪਰਤਾਪ ਨੂੰ ਅਤੇ ਮੇਰੇ ਨਿਸ਼ਾਨਾਂ ਨੂੰ ਜਿਹੜੇ ਮੈਂ ਮਿਸਰ ਵਿੱਚ ਅਤੇ ਉਜਾੜ ਵਿੱਚ ਕੀਤੇ **ਮੈਨੂੰ ਹੁਣ ਤੀਕ ਦਸ ਵਾਰ ਪਰਤਾਇਆ** (ਇੱਕ ਕਠੋਰ ਵਿਹਾਰ ਜਾਂ ਰਵੱਈਆ) ਅਤੇ **ਮੇਰੀ ਅਵਾਜ਼ ਨਹੀਂ ਸੁਣੀ।** 23ਓਹ **ਉੱਕਾ ਹੀ ਉਸ ਧਰਤੀ ਨੂੰ ਨਾ ਵੇਖਣਗੇ** ਜਿਹ ਦੀ ਮੈਂ ਉਨ੍ਹਾਂ ਦੇ ਪਿਉ ਦਾਦਿਆਂ ਨਾਲ ਸੌਂਹ ਖਾਧੀ ਸੀ ਅਤੇ **ਨਾ ਹੀ** ਓਹ ਸਾਰੇ ਜਿਨ੍ਹਾਂ **ਮੇਰੀ ਹਾਨੀ ਕੀਤੀ ਉਹ ਨੂੰ ਵੇਖਣਗੇ।** **24ਪਰ ਮੇਰਾ ਸੇਵਕ ਕਾਲੇਬ ਅਤੇ ਉਸ ਦੀ ਅੰਸ** ਏਸ ਉੱਤੇ ਕਬਜ਼ਾ ਕਰੇਗੀ ਏਸ ਲਈ ਕਿ **ਉਹ ਦੇ ਵਿੱਚ ਹੋਰ ਮਜਾਜ ਹੈ** ਅਤੇ **ਉਹ ਪੂਰੀ ਤਰਾਂ ਮੇਰੇ ਪਿੱਛੇ ਚੱਲਿਆ ਹੈ**, ਮੈਂ ਉਸ ਨੂੰ ਹੀ ਏਸ ਧਰਤੀ ਵਿੱਚ ਜਿਹ ਦੇ ਵਿੱਚ ਉਹ ਗਿਆ ਸੀ ਲਿਆਵਾਂਗਾ।

- ਪਿਤਾਓ ਤੁਹਾਡੇ ਰਵੱਈਏ ਅਤੇ ਤੁਹਾਡੇ ਆਤਮਾ ਦਾ ਤੁਹਾਡੇ ਬੱਚਿਆਂ ਦੇ ਰਵੱਈਏ ਅਤੇ ਉਨ੍ਹਾਂ ਦੇ ਆਤਮਾ ਦੇ ਉੱਤੇ ਵੱਡਾ ਪ੍ਰਭਾਵ ਹੋਵੇਗਾ।

**ਮੂਸਾ ਦੇ ਵਿਰੁੱਧ ਕੋਰਹ ਦਾ ਵਿਦਰੋਹ** - ਜੋ ਉਸ ਦੇ ਉੱਤੇ ਅਧਿਕਾਰੀ ਸੀ।
ਕੋਰਹ ਪਹਿਲਾਂ ਹੀ ਪਰਮੇਸ਼ੁਰ ਦੇ ਅਧਿਕਾਰੀ ਮੂਸਾ ਦੇ ਵਿਰੁੱਧ "ਦਸ" ਵਿਦਰੋਹਾਂ ਦੇ ਵਿੱਚ ਹਿੱਸਾ ਲੈ ਚੁੱਕਾ ਸੀ।

ਗਿਣਤੀ 16:32 . . . ਅਤੇ ਧਰਤੀ ਨੇ ਆਪਣਾ ਮੂੰਹ ਖੋਲ੍ਹ ਕੇ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਘਰਾਣਿਆਂ ਨੂੰ ਅਤੇ ਸਾਰੇ ਆਦਮੀਆਂ ਨੂੰ ਜਿਹੜੇ ਕੋਰਹ ਵੱਲ ਸਨ ਅਤੇ ਉਨ੍ਹਾਂ ਦਾ ਸਾਰਾ ਲਕਾ ਤੁਕਾ ਭੱਖ ਲਿਆ।

ਮੂਸਾ - ਪਰਮੇਸ਼ੁਰ ਦੇ ਵਿਰੁੱਧ ਵਿਦਰੋਹ ਕੀਤਾ, ਆਗਿਆ ਨਹੀਂ ਮੰਨੀ।

ਕੂਚ 17:2-7 ਉਨ੍ਹਾਂ ਦੇ ਮਿਸਰ ਵਿੱਚੋਂ ਬਾਹਰ ਆਉਣ ਤੋਂ ਤੁਰੰਤ ਬਾਅਦ ਉਜਾੜ ਵਿੱਚ: ਤਾਂ ਪਰਜਾ ਮੂਸਾ ਨੂੰ **ਘੁਰਕਣ** ਲੱਗੀ ਅਰ ਆਖਿਆ, ਸਾਨੂੰ ਪੀਣ ਨੂੰ ਪਾਣੀ ਦੇਹ। ਮੂਸਾ ਨੇ ਉਨ੍ਹਾਂ ਨੂੰ ਆਖਿਆ, ਤੁਸੀਂ **ਮੈਨੂੰ ਕਿਉਂ ਘੁਰਕਦੇ ਹੋ** ਅਤੇ **ਯਹੋਵਾਹ ਨੂੰ** ਕਿਉਂ **ਪਰਤਾਉਂਦੇ ਹੋ?** 3 . . . ਮੂਸਾ ਨਾਲ ਏਹ ਆਖ ਕੇ **ਕੁੜ੍ਹਦੀ ਸੀ** ਭਈ ਏਹ ਕੀ ਹੈ ਜੋ ਤੂੰ ਸਾਨੂੰ ਮਿਸਰ ਤੋਂ ਲਿਆਇਆ ਹੈਂ ਕਿ ਸਾਨੂੰ ਅਰ ਸਾਡੇ ਪੁੱਤਰਾਂ ਅਰ ਸਾਡੇ ਵੱਗਾਂ ਨੂੰ ਏਥੇ ਤਿਹਾਇਆ ਮਾਰੇਂ? 4ਤਾਂ ਮੂਸਾ ਨੇ ਯਹੋਵਾਹ ਨੂੰ ਉੱਚੀ ਦਿੱਤੀ ਪੁਕਾਰ ਕੇ ਆਖਿਆ, ਮੈਂ ਇਨ੍ਹਾਂ ਲੋਕਾਂ ਨਾਲ ਕੀ ਕਰਾਂ? ਏਹ ਤਾਂ **ਮੈਨੂੰ** ਥੋੜੇ ਚਿਰਾਂ ਤੀਕ **ਵੱਟੇ ਮਾਰਨਗੇ**।
5ਫੇਰ ਯਹੋਵਾਹ ਨੇ ਮੂਸਾ ਨੂੰ ਆਖਿਆ, . . . ਆਪਣੇ **ਢਾਂਗੇ** ਨੂੰ ਜਿਹੜਾ ਤੈਂ **ਦਰਿਆ** (ਸਜ਼ਾ ਦਾ ਇੱਕ ਡੰਡਾ) **ਉੱਤੇ ਮਾਰਿਆ ਸੀ** ਆਪਣੇ ਹੱਥ ਵਿੱਚ ਲੈ ਅਰ ਚੱਲ ਦੇਹ। 6ਵੇਖ ਮੈਂ ਤੇਰੇ ਅੱਗੇ ਹੋਰੇਬ ਦੀ **ਚਟਾਨ** ਉੱਤੇ ਖੜਾ ਹੋਵਾਂਗਾ ਅਰ ਤੂੰ **ਚਟਾਨ ਨੂੰ ਮਾਰੀਂ** ਤਾਂ ਉਸ ਵਿੱਚੋਂ ਪਾਣੀ ਨਿੱਕਲੇਗਾ ਤਾਂ ਜੋ ਪਰਜਾ ਪੀਵੇ। ਤਾਂ ਮੂਸਾ . . . ਉਸ ਨੇ ਉਸ ਥਾਂ ਦਾ ਨਾਉਂ

ਮੱਸਾਹ ਅਰ ਮਰੀਬਾਹ ਇਸਰਾਏਲ ਦੇ ਘੁਰਕਣ ਦੇ ਕਾਰਨ ਅਰ ਯਹੋਵਾਹ ਦੇ ਪਰਤਾਵੇ ਦੇ ਕਾਰਨ ਏਹ ਆਖਦੇ ਹੋਏ ਰੱਖਿਆ ਭਈ ਯਹੋਵਾਹ ਸਾਡੇ ਵਿਚਕਾਰ ਹੈ ਕਿ ਨਹੀਂ?

- ਇਹ "ਚਟਾਨ" ਦੇ **ਸਲੀਬ ਉੱਤੇ ਚੜ੍ਹਾਏ ਜਾਣ** ਦੀ ਤਸਵੀਰ ਜਾਂ ਕਿਸਮ ਹੈ। "ਚਟਾਨ" ਨੂੰ ਮਾਰਨ ਤੋਂ ਬਾਅਦ ਜੀਵਨ ਦੀਆਂ ਬਰਕਤਾਂ ਅਤੇ ਪ੍ਰਬੰਧ ਉਸ ਦੇ ਲੋਕਾਂ ਦੇ ਲਈ ਵਹਿ ਨਿੱਕਲਿਆ।

  1 ਕੁਰਿੰਥੀਆਂ 10:4 ਅਤੇ ਸਭਨਾਂ ਨੇ ਇੱਕੋ ਆਤਮਕ ਜਲ ਪੀਤਾ ਕਿਉਂ ਜੋ ਓਹਨਾਂ ਨੇ ਉਸ ਆਤਮਕ ਪੱਥਰ ਤੋਂ ਜਲ ਪੀਤਾ ਜਿਹੜਾ ਓਹਨਾਂ ਦੇ ਮਗਰ ਮਗਰ ਚੱਲਦਾ ਸੀ ਅਤੇ **ਉਹ ਪੱਥਰ ਮਸੀਹ ਹੈਸੀ।**

ਉਨ੍ਹਾਂ ਦੇ **ਵਿਦਰੋਹ ਕਰਨ** ਅਤੇ ਵਾਅਦਾ ਕੀਤੀ ਹੋਈ ਭੂਮੀ ਵਿੱਚ ਦਾਖਲ ਹੋਣ ਤੋਂ **ਇਨਕਾਰ ਕਰਨ** ਤੋਂ ਬਾਅਦ ਉਹ ਉਜਾੜ ਵਿੱਚ ਵਾਪਸ ਆ ਗਏ।

ਗਿਣਤੀ 20:1-13 ਇਸਰਾਏਲੀਆਂ ਦੀ ਸਾਰੀ ਮੰਡਲੀ ਪਹਿਲੇ ਮਹੀਨੇ ਸੀਨ ਦੀ ਉਜਾੜ ਵਿੱਚ ਆਈ ਅਤੇ ਪਰਜਾ
ਕਾਦੇਸ਼ ਵਿੱਚ ਟਿਕ ਗਈ . . . 2ਉੱਥੇ ਮੰਡਲੀ ਲਈ ਪਾਣੀ ਨਹੀਂ ਸੀ ਤਾਂ ਉਹ **ਮੂਸਾ ਦੇ ਵਿਰੁੱਧ ਅਤੇ ਹਾਰੂਨ ਦੇ ਵਿਰੁੱਧ**
ਇਕੱਠੀ ਹੋਈ। 3ਅਤੇ ਪਰਜਾ ਮੂਸਾ ਨਾਲ **ਝਗੜਨ ਲੱਗੀ** ਅਤੇ ਉਨ੍ਹਾਂ ਨੇ ਆਖਿਆ, ਭਲਾ ਹੁੰਦਾ ਜੇ ਅਸੀਂ ਪ੍ਰਾਣ ਤਿਆਗ
ਦਿੰਦੇ ਜਦ ਸਾਡੇ ਭਰਾਵਾਂ ਨੇ ਯਹੋਵਾਹ ਅੱਗੇ ਪ੍ਰਾਣ ਤਿਆਗੇ ਸਨ! 4ਤੁਸੀਂ ਯਹੋਵਾਹ ਦੀ ਸਭਾ ਨੂੰ ਕਾਹਨੂੰ ਏਸ ਉਜਾੜ ਵਿੱਚ
ਲੈ ਆਏ ਹੋ ਕਿ ਅਸੀਂ ਅਤੇ ਸਾਡੇ ਪਸੂ ਏਥੇ ਮਰੀਏ? 5ਤੁਸੀਂ ਕਾਹਨੂੰ ਸਾਨੂੰ ਮਿਸਰ ਤੋਂ ਉਤਾਹਾਂ ਲਿਆਏ? ਤੁਸਾਂ ਸਾਨੂੰ
ਏਸ ਬੁਰੇ ਥਾਂ ਵਿੱਚ ਲਿਆਂਦਾ ਜਿੱਥੇ ਨਾ ਬੀ, ਨਾ ਹਜੀਰ, ਨਾ ਦਾਖ ਦੀ ਬੇਲ, ਨਾ ਅਨਾਰ, ਅਤੇ ਨਾ ਪੀਣ ਲਈ ਪਾਣੀ
ਹੈ। 6ਤਾਂ ਮੂਸਾ ਅਤੇ ਹਾਰੂਨ ਸਭਾ ਦੇ ਅੱਗੋਂ ਮੰਡਲੀ ਦੇ ਤੰਬੂ ਦੇ ਦਰਵੱਜੇ ਕੋਲ ਜਾ ਕੇ ਮੂੰਹਾਂ ਭਾਰ ਡਿੱਗੇ ਤਾਂ ਯਹੋਵਾਹ ਦਾ
ਪਰਤਾਪ ਉਨ੍ਹਾਂ ਉੱਤੇ ਪਰਗਟ ਹੋਇਆ। 7ਯਹੋਵਾਹ ਮੂਸਾ ਨੂੰ ਬੋਲਿਆ, 8 **ਢਾਂਗਾ** ਲੈ ਕੇ ਮੰਡਲੀ ਨੂੰ ਇਕੱਠਾ ਕਰ, ਤੂੰ ਅਤੇ
ਤੇਰਾ ਭਰਾ ਹਾਰੂਨ ਅਤੇ ਤੁਸੀਂ ਉਨ੍ਹਾਂ ਦੇ ਵੇਖਦਿਆਂ **ਪੱਥਰੇਲੀ ਢਿੱਗ ਨੂੰ ਬੋਲੋ** ਕਿ **ਉਹ ਆਪਣਾ ਪਾਣੀ ਦੇਵੇ** ਅਤੇ ਤੂੰ ਉਨ੍ਹਾਂ
ਲਈ ਢਿੱਗ ਤੋਂ ਪਾਣੀ ਕੱਢੇਂਗਾ। ਇਉਂ ਤੂੰ ਏਸ ਮੰਡਲੀ ਨੂੰ ਅਤੇ ਉਨ੍ਹਾਂ ਦੇ ਪਸੂਆਂ ਨੂੰ ਪਿਲਾਵੇਂਗਾ।

- ਚਟਾਨ ਦੇ ਸਲੀਬ ਚੜ੍ਹਾਏ ਜਾਣ ਤੋਂ ਬਾਅਦ – ਯਿਸੂ ਮਸੀਹ ਦੀ ਇੱਕ ਕਿਸਮ – ਨਿਆਂ ਅਤੇ ਧਰਮ ਪੂਰਾ ਹੋਇਆ, ਹੁਣ ਤੁਹਾਨੂੰ ਜੋ ਸਭ ਕਰਨ ਦੀ ਲੋੜ ਹੈ ਉਹ ਹੈ ਚਟਾਨ ਨੂੰ **ਆਖਣਾ ਹੈ** ਅਤੇ ਜੀਵਨ ਦੀਆਂ ਬਰਕਤਾਂ ਅਤੇ ਪ੍ਰਬੰਧ ਵਹਿ ਨਿੱਕਲੇਗਾ। ਹੋਰ ਸਲੀਬ ਉੱਤੇ ਚੜ੍ਹਾਉਣ ਜਾਂ ਬਲੀਦਾਨ ਦੀ ਲੋੜ ਨਹੀਂ ਹੈ।

9ਉਪਰੰਤ ਮੂਸਾ ਨੇ **ਯਹੋਵਾਹ ਦੇ ਅੱਗੋਂ ਢਾਂਗਾ** ਲਿਆ ਜਿਵੇਂ ਯਹੋਵਾਹ ਨੇ ਹੁਕਮ ਦਿੱਤਾ ਸੀ। 10ਅਤੇ ਮੂਸਾ ਅਰ ਹਾਰੂਨ ਨੇ
ਸਭਾ ਨੂੰ ਉਸ **ਢਿੱਗ** ਦੇ ਅੱਗੇ ਇਕੱਠਾ ਕੀਤਾ ਅਤੇ ਉਸ ਨੇ ਉਨ੍ਹਾਂ ਨੂੰ ਆਖਿਆ, ਸੁਣੋ ਤੁਸੀਂ **ਝਗੜਾਲੂਓ**, ਕੀ ਅਸੀਂ
ਤੁਹਾਡੇ ਲਈ ਏਸ ਢਿੱਗ ਤੋਂ ਪਾਣੀ ਕੱਢੀਏ? (ਮੂਸਾ ਗੁੱਸੇ ਵਿੱਚ ਸੀ) 11 ਫੇਰ ਮੂਸਾ ਨੇ **ਆਪਣਾ ਹੱਥ ਚੁੱਕ ਕੇ ਉਸ ਢਿੱਗ
ਨੂੰ ਆਪਣੇ ਢਾਂਗੇ ਨਾਲ ਦੋ ਵਾਰ ਮਾਰਿਆ।**

- ਮੂਸਾ ਨੇ ਵਿਦਰੋਹ ਕੀਤਾ ਅਤੇ ਆਗਿਆ ਨਹੀਂ ਮੰਨੀ। ਪਰ . . .

ਤਾਂ ਬਹੁਤ ਪਾਣੀ ਨਿੱਕਲ ਆਇਆ, ਫੇਰ ਮੰਡਲੀ ਅਤੇ ਉਨ੍ਹਾਂ ਦੇ ਪਸੂਆਂ ਨੇ ਪੀਤਾ।

- ਇਹ ਮੂਸਾ ਦਾ ਵਿਦਰੋਹ ਸੀ, ਲੋਕਾਂ ਦਾ ਨਹੀਂ।

[12]ਉਪਰੰਤ ਯਹੋਵਾਹ ਨੇ ਮੂਸਾ ਅਤੇ ਹਾਰੂਨ ਨੂੰ ਆਖਿਆ, ਏਸ ਲਈ ਕਿ ਤੁਸਾਂ ਮੇਰੀ ਪਰਤੀਤ ਨਾ ਕੀਤੀ (**ਭਰੋਸੇਯੋਗ ਬਣਨ ਤੋਂ ਅਸਫਲ ਹੋਇਆ**) ਕਿ ਇਸਰਾਏਲ ਦੀਆਂ ਅੱਖਾਂ ਵਿੱਚ **ਮੈਨੂੰ ਪਵਿੱਤਰ ਠਹਿਰਾਉਂਦੇ**, ਹੁਣ **ਤੁਸੀਂ ਏਸ ਸਭਾ ਨੂੰ ਉਸ ਧਰਤੀ ਵਿੱਚ ਜਿਹੜੀ ਮੈਂ ਉਨ੍ਹਾਂ ਨੂੰ ਦਿੱਤੀ, ਨਹੀਂ ਲੈ ਜਾਓਗੇ।**

- ਵਿਦਰੋਹ ਜਾਂ ਅਣਆਗਿਆਕਾਰੀ ਦੇ ਨਤੀਜੇ:
  - ਉਸ ਦੇ ਜੀਵਨ ਅਤੇ ਉਸ ਦੀ ਸੇਵਾ ਨੂੰ ਘਟਾ ਦਿੱਤਾ ਗਿਆ।
  - ਉਹ ਵਾਅਦਾ ਕੀਤੀ ਹੋਈ ਭੂਮੀ ਉੱਤੇ ਪਹੁੰਚ ਨਹੀਂ ਸਕਿਆ ਅਤੇ ਉਸ ਨੂੰ ਵੇਖ ਨਹੀਂ ਸਕਿਆ।
  - ਮੂਸਾ ਪਸਾਹ ਦੇ ਲੇਲੇ ਦੇ ਲਹੂ ਦੇ ਕਾਰਨ ਜ਼ਰੂਰ ਸਵਰਗ ਵਿੱਚ ਹੈ।

- ਇਸ ਲਈ: ਹੇ ਮੇਰੇ ਭਰਾਵੋ, ਬਾਹਲੇ **ਉਪਦੇਸ਼ਕ** ਨਾ ਬਣੋ ਕਿਉਂ ਜੋ ਤੁਸੀਂ ਜਾਣਦੇ ਹੋ ਜੋ ਸਾਨੂੰ **ਵਧੀਕ ਸਜ਼ਾ ਮਿਲੇਗੀ।** ਯਾਕੂਬ 3:1-2

ਲੂਕਾ 12:42 ਉਹ ਮਾਤਬਰ ਅਤੇ ਬੁੱਧਵਾਨ ਮੁਖ਼ਤਿਆਰ ਕੌਣ ਹੈ ਜਿਹ ਨੂੰ ਮਾਲਕ ਆਪਣੇ ਨੌਕਰਾਂ ਚਾਕਰਾਂ ਉੱਤੇ ਠਹਿਰਾਵੇ ਭਈ ਵੇਲੇ ਸਿਰ ਉਨ੍ਹਾਂ ਨੂੰ ਰਸਤ ਦੇਵੇ? . . .

- ਪਰਮੇਸ਼ੁਰ ਉਨ੍ਹਾਂ ਲੋਕਾਂ ਦੀ ਖੋਜ ਕਰਦਾ ਹੈ ਜਿਨ੍ਹਾਂ ਉੱਤੇ ਉਹ ਆਪਣੇ ਅਧਿਕਾਰ ਨਾਲ ਭਰੋਸਾ ਕਰ ਸਕਦਾ ਹੈ।

ਲੂਕਾ 12:48 ਜਿਸ ਕਿਸੇ ਨੂੰ ਬਹੁਤ ਦਿੱਤਾ ਗਿਆ ਹੈ ਉਸ ਤੋਂ **ਬਹੁਤੇ ਦਾ ਲੇਖਾ ਲਿਆ ਜਾਵੇਗਾ** ਅਤੇ ਜਿਹ ਨੂੰ ਲੋਕਾਂ ਨੇ **ਬਹੁਤ ਸੌਂਪਿਆ** ਹੈ ਉਸ ਤੋਂ **ਵਧੀਕ ਮੰਗਣਗੇ।**

V. ਪਰਮੇਸ਼ੁਰ ਦੇ ਦੁਆਰਾ ਦਿੱਤੇ ਗਏ ਅਧਿਕਾਰ ਦੇ ਚਾਰ ਢਾਂਚੇ

1. ਪਰਿਵਾਰ: ਯਿਸੂ > ਪਿਤਾ > ਮਾਤਾ > ਬੱਚੇ

1 ਕੁਰਿੰਥੀਆਂ 11:2-4 ਪਰ ਮੈਂ ਚਾਹੁੰਦਾ ਹਾਂ ਜੋ ਤੁਸੀਂ ਇਹ ਜਾਣ ਲਵੋ ਭਈ ਹਰੇਕ ਪੁਰਖ ਦਾ **ਸਿਰ ਮਸੀਹ ਹੈ** ਅਤੇ ਇਸਤਰੀ ਦਾ ਸਿਰ **ਪੁਰਖ** ਹੈ ਅਤੇ ਮਸੀਹ ਦਾ ਸਿਰ ਪਰਮੇਸ਼ੁਰ ਹੈ।

- ਪਰਮੇਸ਼ੁਰ ਆਦਮੀ ਨੂੰ ਉਸ ਦੇ ਅਧੀਨ ਲੋਕਾਂ ਦੇ ਲਈ ਜ਼ਿੰਮੇਵਾਰ ਠਹਿਰਾਉਂਦਾ ਹੈ।

  ਉਦਾਹਰਣ: ਜਦੋਂ ਹੱਵਾਹ ਨੇ ਪਾਪ ਦੀ ਸਲਾਹ ਦਿੱਤੀ ਅਤੇ ਪਾਪ ਨੂੰ ਵਧਾਇਆ, ਤਦ ਪਰਮੇਸ਼ੁਰ ਨੇ ਇਸ ਦੇ ਬਾਰੇ ਆਦਮ ਨਾਲ ਗੱਲ ਕੀਤੀ (ਉਤਪਤ 3:9-12)।

  ਉਤਪਤ 3:9 ਤਦ ਯਹੋਵਾਹ ਪਰਮੇਸ਼ਰ ਨੇ ਆਦਮੀ ਨੂੰ ਪਕਾਰਕੇ ਆਖਿਆ ...

ਕੁਲੁੱਸੀਆਂ 3:20 **ਹੇ ਬਾਲਕੋ**, ਤੁਸੀਂ ਸਭਨੀਂ ਗੱਲੀਂ ਆਪਣੇ ਮਾਪਿਆਂ ਦੀ ਆਗਿਆਕਾਰੀ ਕਰੋ ਕਿਉਂ ਜੋ ਪ੍ਰਭੂ ਵਿੱਚ ਇਹ ਗੱਲ ਮਨ ਭਾਉਣੀ ਹੈ।

ਅਫਸੀਆਂ 6:1-3 **ਹੇ ਬਾਲਕੋ**, ਤੁਸੀਂ ਪ੍ਰਭੂ ਵਿੱਚ ਆਪਣੇ ਮਾਪਿਆਂ ਦੇ ਆਗਿਆਕਾਰ ਰਹੋ ਕਿਉਂ ਜੋ ਇਹ ਧਰਮ ਦੀ ਗੱਲ ਹੈ।(2) ਤੂੰ ਆਪਣੇ ਮਾਂ ਪਿਉ ਦਾ ਆਦਰ ਕਰ ਭਈ ਤੇਰਾ ਭਲਾ ਹੋਵੇ ਅਰ ਧਰਤੀ ਉੱਤੇ ਤੇਰੀ ਉਮਰ ਲੰਮੀ ਹੋਵੇ।3 ਇਹ ਵਾਇਦੇ ਨਾਲ ਪਹਿਲਾ ਹੁਕਮ ਹੈ।

ਕਹਾਉਤਾਂ 6:20-21 ਹੇ ਮੇਰੇ ਪੁੱਤਰ, ਤੂੰ **ਆਪਣੇ ਪਿਤਾ** ਦੀ ਆਗਿਆ ਮੰਨ, ਅਤੇ **ਆਪਣੀ ਮਾਤਾ** ਦੀ ਤਾਲੀਮ ਨੂੰ ਨਾ ਛੱਡ।21 ਓਹਨਾਂ ਨੂੰ ਸਦਾ ਆਪਣੇ ਮਨ ਉੱਤੇ ਬੰਨ੍ਹੀ ਰੱਖੀਂ, ਅਤੇ ਓਹਨਾਂ ਨੂੰ ਆਪਣੇ ਗਲ ਉੱਤੇ ਲਪੇਟ ਛੱਡ।

ਕਹਾਉਤਾਂ 30:17 ਜਿਹੜੀ ਅੱਖ ਪਿਉ ਦੀ ਹਾਸੀ ਕਰਦੀ, ਅਤੇ ਆਪਣੀ ਮਾਂ ਦੀ ਆਗਿਆਕਾਰੀ ਨੂੰ ਤੁੱਛ ਜਾਣਦੀ ਹੈ, ਵਾਦੀ ਦੇ ਕਾਂਉਂ ਉਹ ਨੂੰ ਪੁੱਟ ਕੱਢਣਗੇ। ਅਤੇ ਗਿਰਝਾਂ ਦੇ ਬੱਚੇ ਉਹ ਨੂੰ ਖਾ ਜਾਣਗੇ।

ਕਹਾਉਤਾਂ 15:5 ਮੂਰਖ ਆਪਣੇ ਪਿਉ ਦੀ ਸਿੱਖਿਆ ਨੂੰ ਤੁੱਛ ਜਾਣਦਾ ਹੈ, ਪਰ ਜਿਹੜਾ ਤਾੜ ਨੂੰ ਮੰਨਦਾ ਹੈ ਉਹ ਸਿਆਣਾ ਹੈ।

ਜਿਵੇਂ ਛੋਟੀ ਉਮਰ ਦਾ ਕੋਈ ਬੱਚਾ ਆਪਣੇ ਮਾਪਿਆਂ ਦੇ ਅਧਿਕਾਰ ਦਾ ਉੱਤਰ ਦਿੰਦਾ ਹੈ, ਜਲਦ ਹੀ ਉਹ ਇਸੇ ਤਰ੍ਹਾਂ ਸਾਰੇ ਅਧਿਕਾਰ ਦਾ ਉੱਤਰ ਦੇਵੇਗਾ।

ਜਦੋਂ ਬੱਚੇ ਅਣਆਗਿਆਕਾਰੀ  ਕਰਦੇ ਹਨ, ਤਦ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਪਿਆਰ ਅਤੇ ਅਨੁਸ਼ਾਸ਼ਿਤ ਦੋਵੇਂ ਕਰਨਾ ਚਾਹੀਦਾ ਹੈ।

2. ਸਰਕਾਰ: ਰਾਸ਼ਟਰੀ ਆਗੂ > ਸਥਾਨਿਕ ਆਗੂ > ਨਾਗਰਿਕ

1 ਪਤਰਸ 2:13-14 ਤੁਸੀਂ ਪ੍ਰਭੂ ਦੇ ਨਮਿੱਤ ਮਨੁੱਖ ਦੇ **ਹਰੇਕ ਪਰਬੰਧ** ਦੇ **ਅਧੀਨ ਹੋਵੋ**, ਭਾਵੇਂ ਪਾਤਸ਼ਾਹ ਦੇ ਇਸ ਲਈ ਜੋ ਉਹ ਸਭਨਾਂ ਤੋਂ ਵੱਡਾ ਹੈ। (14) ਭਾਵੇਂ ਹਾਕਮਾਂ ਦੇ ਇਸ ਲਈ ਜੋ ਓਹ ਉਸ ਦੇ ਘੱਲੇ ਹੋਏ ਹਨ ਭਈ ਕੁਕਰਮੀਆਂ ਨੂੰ ਸਜ਼ਾ ਦੇਣ ਅਤੇ ਸੁਕਰਮੀਆਂ ਦੀ ਸੋਭਾ ਕਰਨ।

ਰੋਮੀਆਂ 13:1-7 ਹਰੇਕ ਪ੍ਰਾਣੀ **ਹਕੂਮਤਾਂ** ਦੇ **ਅਧੀਨ ਰਹੇ** ਕਿਉਂਕਿ ਅਜਿਹੀ ਕੋਈ ਹਕੂਮਤ ਨਹੀਂ ਜਿਹੜੀ ਪਰਮੇਸ਼ੁਰ ਦੀ ਵੱਲੋਂ ਨਾ ਹੋਵੇ ਅਤੇ ਜਿੰਨੀਆਂ ਹਕੂਮਤਾਂ ਹਨ ਓਹ ਪਰਮੇਸ਼ੁਰ ਦੀਆਂ ਠਹਿਰਾਈਆਂ ਹੋਈਆਂ ਹਨ।(2) ਇਸ ਲਈ ਜਿਹੜਾ ਹਕੂਮਤ ਦਾ ਸਾਹਮਣਾ ਕਰਦਾ ਹੈ ਉਹ ਪਰਮੇਸ਼ੁਰ ਦੇ ਇੰਤਜ਼ਾਮ ਦਾ ਸਾਹਮਣਾ ਕਰਦਾ ਹੈ ਅਤੇ ਜਿਹੜੇ ਸਾਹਮਣਾ ਕਰਦੇ ਹਨ ਓਹ ਦੰਡ ਭੋਗਣਗੇ। (3) ਹਾਕਮ ਤਾਂ ਚੰਗੇ ਕੰਮ ਤੋਂ ਨਹੀਂ ਪਰ ਬੁਰੇ ਕੰਮ ਤੋਂ ਡਰਾਉਣ ਵਾਲੇ ਹੁੰਦੇ ਹਨ। ਕੀ ਤੂੰ ਹਾਕਮ ਤੋਂ ਡਰਿਆ ਨਹੀਂ ਚਾਹੁੰਦਾ? ਤਾਂ ਭਲਾ ਕਰ ਫੇਰ ਉਹ ਦੀ ਵੱਲੋਂ ਤੇਰੀ ਸੋਭਾ ਹੋਵੇਗੀ। (4) ਕਿਉਂ ਜੋ ਉਹ ਪਰਮੇਸ਼ੁਰ ਦਾ ਸੇਵਕ ਤੇਰੀ ਭਲਿਆਈ ਲਈ ਹੈ। ਪਰ ਜੇਕਰ ਤੂੰ ਬੁਰਾ ਕਰੇਂ ਤਾਂ ਡਰ ਇਸ ਲਈ ਜੋ ਉਹ ਐਵੇਂ ਤਲਵਾਰ ਲਾਏ ਹੋਏ ਨਹੀਂ। ਕਿਉਂ ਜੋ ਉਹ ਤਾਂ ਪਰਮੇਸ਼ੁਰ ਦਾ ਸੇਵਕ ਹੈ ਭਈ ਕੁਕਰਮੀ ਨੂੰ ਸਜ਼ਾ ਦੇਵੇ। (5) ਇਸ ਲਈ ਨਿਰਾ ਕ੍ਰੋਧ ਹੀ ਦੇ ਕਾਰਨ ਨਹੀਂ ਸਗੋਂ ਅੰਤਹਕਰਨ ਵੀ ਦੇ ਕਾਰਨ ਅਧੀਨ ਹੋਣਾ ਲੋੜੀਂਦਾ ਹੈ। (6) ਤੁਸੀਂ ਇਸੇ ਕਾਰਨ ਹਾਲਾ ਭੀ ਦਿੰਦੇ ਹੋ ਕਿ ਓਹ ਇਸੇ ਕੰਮ ਵਿੱਚ ਰੁੱਝੇ ਰਹਿੰਦੇ ਹਨ ਅਤੇ ਪਰਮੇਸ਼ੁਰ ਦੇ ਖਾਦਮ ਹਨ। (7) ਸਭਨਾਂ ਦਾ ਹੱਕ ਭਰ ਦਿਓ। ਜਿਹ ਨੂੰ ਹਾਲਾ ਚਾਹੀਦਾ ਹੈ ਹਾਲਾ ਦਿਓ, ਜਿਹ ਨੂੰ ਮਸੂਲ ਚਾਹੀਦਾ ਹੈ ਮਸੂਲ ਦਿਓ, ਜਿਹ ਦੇ ਕੋਲੋਂ ਡਰਨਾ ਚਾਹੀਦਾ ਹੈ ਡਰੋ, ਜਿਹ ਦਾ ਆਦਰ ਚਾਹੀਦਾ ਹੈ ਆਦਰ ਕਰੋ।

3. ਕਲੀਸਿਯਾ: ਯਿਸੂ > ਕਲੀਸਿਯਾ ਦੇ ਆਗੂ > ਕਲੀਸਿਯਾ ਦੇ ਮੈਂਬਰ

1 ਥੱਸਲੁਨੀਕੀਆਂ 5:12-13 ਹੁਣ ਹੇ ਭਰਾਵੋ, ਅਸੀਂ ਤੁਹਾਡੇ ਅੱਗੇ ਬੇਨਤੀ ਕਰਦੇ ਹਾਂ ਭਈ ਜਿਹੜੇ ਤੁਹਾਡੇ ਵਿੱਚ ਮਿਹਨਤ ਕਰਦੇ ਅਤੇ ਪ੍ਰਭੂ ਵਿੱਚ ਤੁਹਾਡੇ ਆਗੂ ਹਨ ਅਤੇ ਤੁਹਾਨੂੰ ਚਿਤਾਰਦੇ ਹਨ ਤੁਸੀਂ ਉਨ੍ਹਾਂ ਨੂੰ ਮੰਨੋ। 13 ਅਤੇ ਓਹਨਾਂ ਦੇ ਕੰਮ ਦੀ ਖਾਤਰ ਪ੍ਰੇਮ ਨਾਲ ਓਹਨਾਂ ਦਾ ਬਹੁਤਾ ਹੀ ਆਦਰ ਕਰੋ। ਆਪੋ ਵਿੱਚ ਮੇਲ ਰੱਖੋ।

ਇਬਰਾਨੀਆਂ 13:17 ਤੁਸੀਂ ਆਪਣੇ ਆਗੂਆਂ ਦੀ **ਆਗਿਆਕਾਰੀ ਕਰੋ** ਅਤੇ ਓਹਨਾਂ **ਦੇ ਅਧੀਨ ਰਹੋ** ਕਿਉਂ ਜੋ ਓਹ ਉਨ੍ਹਾਂ ਵਾਂਙੁ ਜਿਨ੍ਹਾਂ **ਲੇਖਾ ਦੇਣਾ ਹੈ** ਤੁਹਾਡੀਆਂ ਜਾਨਾਂ ਦੇ ਨਮਿੱਤ ਜਾਗਦੇ ਰਹਿੰਦੇ ਹਨ ਭਈ ਓਹ ਇਹ ਕੰਮ ਅਨੰਦ ਨਾਲ ਕਰਨ, ਨਾ ਹਾਉਕੇ ਭਰ ਭਰ ਕੇ ਕਿਉਂ ਜੋ ਇਹ ਤੁਹਾਡੇ ਲਈ ਲਾਭਵੰਤ ਨਹੀਂ।

1 ਤਿਮੋਥਿਉਸ 5:17 ਓਹ ਬਜ਼ੁਰਗ ਜਿਹੜੇ ਚੰਗਾ ਪਰਬੰਧ ਕਰਦੇ ਹਨ ਦੂਣੇ ਆਦਰ ਦੇ ਜੋਗ ਸਮਝੇ ਜਾਣ ਪਰ ਖਾਸ ਕਰਕੇ ਓਹ ਜਿਹੜੇ ਬਚਨ ਸੁਣਾਉਣ ਅਤੇ ਸਿੱਖਿਆ ਦੇਣ ਵਿੱਚ ਮਿਹਨਤ ਕਰਦੇ ਹਨ।

1 ਪਤਰਸ 5:1-3 ਜਿਹੜੇ ਬਜ਼ੁਰਗ ਤੁਹਾਡੇ ਵਿੱਚ ਹਨ ਮੈਂ ਜੋ ਉਨ੍ਹਾਂ ਦੇ ਨਾਲ ਦਾ ਬਜ਼ੁਰਗ ਅਤੇ ਮਸੀਹ ਦੇ ਦੁੱਖਾਂ ਦਾ ਗਵਾਹ ਨਾਲੇ ਓਸ ਤੇਜ ਵਿੱਚ ਜੋ ਪਰਕਾਸ਼ ਹੋਣ ਵਾਲਾ ਹੈ ਸਾਂਝੀ ਹਾਂ ਓਹਨਾਂ ਅੱਗੇ ਇਹ ਬੇਨਤੀ ਕਰਦਾ ਹਾਂ। ਭਈ ਤੁਸੀਂ ਪਰਮੇਸ਼ੁਰ ਦੇ ਉਸ ਇੱਜੜ ਦੀ ਜੋ ਤੁਹਾਡੇ ਵਿੱਚ ਹੈ ਚਰਵਾਹੀ ਕਰੋ ਪਰ ਲਚਾਰੀ ਨਾਲ ਨਹੀਂ ਸਗੋਂ ਖੁਸ਼ੀ ਨਾਲ ਪਰਮੇਸ਼ੁਰ ਦੀ ਇੱਛਿਆ ਅਨੁਸਾਰ ਅਤੇ ਨਾ ਝੂਠੇ ਨਫ਼ੇ ਦੇ ਕਾਰਨ ਸਗੋਂ ਮਨ ਦੀ ਚਾਹ ਨਾਲ। ਅਤੇ ਓਹਨਾਂ ਉੱਤੇ ਜਿਹੜੇ ਤੁਹਾਡੇ ਸਪੁਰਦ ਹਨ ਹੁਕਮ ਨਾ ਚਲਾਓ ਸਗੋਂ ਇੱਜੜ ਦੇ ਲਈ ਨਮੂਨਾ ਬਣੋ।

4. ਕਾਰੋਬਾਰ: ਯਿਸੂ > ਮਾਲਕ > ਨੌਕਰ

ਕੁਲੁੱਸੀਆਂ 3:22-25 ਹੇ ਨੌਕਰੋ, ਤੁਸੀਂ ਸਭਨੀਂ ਗੱਲੀਂ ਆਪਣੇ ਸੰਸਾਰਕ **ਮਾਲਕਾਂ** ਦੀ **ਆਗਿਆਕਾਰੀ ਕਰੋ** ਅਤੇ ਮਨੁੱਖਾਂ ਦੇ ਰਿਝਾਉਣ ਵਾਲਿਆਂ ਵਾਂਙੁ ਵਿਖਾਵੇ ਦੀ ਨੌਕਰੀ ਨਹੀਂ ਸਗੋਂ ਮਨ ਦੀ ਸਫ਼ਾਈ ਨਾਲ ਪ੍ਰਭੂ ਦੇ ਭੈ ਨਾਲ ਕਰੋ।

23 ਜੋ ਕੁਝ ਤੁਸੀਂ ਕਰੋ ਸੋ **ਚਿੱਤ ਲਾ ਕੇ** ਪ੍ਰਭੂ ਦੇ ਲਈ **ਕਰੋ**, ਨਾ ਮਨੁੱਖਾਂ ਦੇ ਲਈ।

24 ਕਿਉਂਕਿ ਤੁਸੀਂ ਜਾਣਦੇ ਹੋ ਭਈ ਤੁਹਾਨੂੰ ਪ੍ਰਭੂ (ਅਤੇ ਮਨੁੱਖਾਂ ਵੱਲੋਂ ਨਹੀਂ) ਤੋਂ ਅਧਕਾਰ ਦਾ (ਅਸਲ) **ਫਲ** ਮਿਲੇਗਾ। (ਉਹ ਜਿਸ ਨੂੰ) ਤੁਸੀਂ ਮਸੀਹ (ਮਸੀਹਾ) ਪ੍ਰਭੂ ਦੀ ਸੇਵਾ ਕਰਦੇ ਹੋ।

25 ਕਿਉਂਕਿ ਜਿਹੜਾ **ਕੁਨਿਆਉਂ** ਕਰਦਾ ਹੈ (ਮੂਰਖਤਾ ਦਾ ਫਲ ਵੱਢੇਗਾ ਅਤੇ) ਉਹ ਨੂੰ ਉਸ ਕੁਨਿਆਉਂ ਦਾ ਵੱਟਾ ਮਿਲੇਗਾ ਅਤੇ (ਪਰਮੇਸ਼ੁਰ ਕੋਲ) ਪੱਖ ਪਾਤ ਹੁੰਦਾ ਹੀ ਨਹੀਂ (ਭਾਵੇਂ ਮਨੁੱਖ ਕਿਸੇ ਵੀ ਪਦਵੀ ਉੱਤੇ ਹੋਵੇ, ਭਾਵੇਂ ਉਹ ਗੁਲਾਮ ਹੋਵੇ ਭਾਵੇਂ ਉਹ ਮਾਲਕ ਹੋਵੇ)।

1 ਪਤਰਸ 2:18 ਹੇ ਨੌਕਰੋ, ਪੂਰੇ ਅਦਬ ਨਾਲ ਆਪਣੇ ਮਾਲਕਾਂ ਦੇ **ਅਧੀਨ ਰਹੋ**,—ਨਿਰੇ ਭਲਿਆਂ ਅਤੇ ਅਸੀਲਾਂ ਦੇ ਹੀ ਨਹੀਂ ਸਗੋਂ **ਕਰੜੇ ਸੁਭਾਉ ਵਾਲਿਆਂ ਦੇ ਭੀ।**

1 ਤਿਮੋਥਿਉਸ 6:1-2 ਜਿੰਨੇ ਗੁਲਾਮ ਹੋ ਕੇ ਜੂਲੇ ਦੇ ਹੇਠ ਹਨ ਓਹ ਆਪਣਿਆਂ ਮਾਲਕਾਂ ਨੂੰ **ਪੂਰੇ ਆਦਰ** ਦੇ ਜੋਗ ਜਾਣਨ ਭਈ ਪਰਮੇਸ਼ੁਰ ਦੇ ਨਾਮ ਅਤੇ ਸਿੱਖਿਆ ਦੀ ਬਦਨਾਮੀ ਨਾ ਹੋਵੇ। ਅਤੇ ਜਿਨ੍ਹਾਂ ਦੇ ਮਾਲਕ ਨਿਹਚਾਵਾਨ ਹਨ ਓਹ ਉਨ੍ਹਾਂ ਨੂੰ ਭਾਈ ਹੋਣ ਕਰਕੇ ਤੁੱਛ ਨਾ ਜਾਣਨ ਪਰ ਉਨ੍ਹਾਂ ਦੀ **ਹੋਰ ਵੀ ਚਾਰੀ ਕਰਨ** ਇਸ ਲਈ ਕਿ ਜਿਹੜੇ ਇਸ ਉਪਕਾਰ ਵਿੱਚ ਸਾਂਝੀ ਹਨ ਓਹ ਨਿਹਚਾਵਾਨ ਅਤੇ ਪਿਆਰੇ ਹਨ। ਇਨ੍ਹਾਂ ਗੱਲਾਂ ਦੀ ਸਿੱਖਿਆ ਦੇਹ ਅਤੇ ਉਪਦੇਸ਼ ਕਰ।

VI. ਸਾਡੇ ਜੀਵਨ ਲਈ ਪਰਮੇਸ਼ੁਰ ਦੀ ਇੱਛਾ – ਉਸ ਦੀ ਅਗਵਾਈ – ਅਕਸਰ ਸਾਡੇ ਲਈ ਉਨ੍ਹਾਂ ਅਧਿਕਾਰੀਆਂ ਦੁਆਰਾ ਪਰਗਟ ਕੀਤੀ ਜਾਂਦੀ ਹੈ ਜਿਨ੍ਹਾਂ ਨੂੰ ਉਸ ਨੇ ਸਾਡੇ ਉੱਤੇ ਰੱਖਿਆ ਹੈ।

**ਬਾਲਗਾਂ ਲਈ:**
ਪਰਮੇਸ਼ੁਰ ਸਾਨੂੰ ਯਕੀਨ ਦਿਵਾਉਂਦਾ ਹੈ ਕਿ ਉਹ ਉਨ੍ਹਾਂ ਦੇ ਦਿਲਾਂ ਨੂੰ ਸਾਡੇ ਵੱਲ ਮੋੜ ਦੇਵੇਗਾ:

ਕਹਾਉਤਾਂ 21:1 ਪਾਤਸ਼ਾਹ ਦਾ ਮਨ ਯਹੋਵਾਹ ਦੇ ਹੱਥ ਵਿੱਚ ਪਾਣੀ ਦੀਆਂ ਖਾਲਾਂ ਵਾਂਙੁ ਹੈ, ਉਹ ਜਿੱਧਰ ਚਾਹੁੰਦਾ ਹੈ ਉਹ ਨੂੰ ਮੋੜਦਾ ਹੈ।

**ਬਾਲਕਾਂ ਲਈ:**
ਕਹਾਉਤਾਂ 22:15 ਬਾਲਕ ਦੇ ਮਨ ਵਿੱਚ ਮੂਰਖਤਾਈ ਬੱਧੀ ਹੋਈ ਹੁੰਦੀ ਹੈ, ਤਾੜ ਦੀ ਛਿਟੀ ਉਹ ਨੂੰ ਉਸ ਤੋਂ ਦੂਰ ਕਰ ਦਿੰਦੀ ਹੈ।

ਕਹਾਉਤਾਂ 6:20-22 ਹੇ ਮੇਰੇ ਪੁੱਤਰ, ਤੂੰ ਆਪਣੇ ਪਿਤਾ ਦੀ ਆਗਿਆ ਮੰਨ, ਅਤੇ ਆਪਣੀ ਮਾਤਾ ਦੀ ਤਾਲੀਮ ਨੂੰ ਨਾ ਛੱਡ।ਓਹਨਾਂ ਨੂੰ ਸਦਾ ਆਪਣੇ ਮਨ ਉੱਤੇ ਬੰਨ੍ਹੀ ਰੱਖੀਂ, ਅਤੇ ਓਹਨਾਂ ਨੂੰ ਆਪਣੇ ਗਲ ਉੱਤੇ ਲਪੇਟ ਛੱਡ।ਜਦ ਤੂੰ ਕਿਤੇ ਜਾਏਂਗਾ ਤਾਂ **ਓਹ ਤੇਰੀ ਅਗਵਾਈ ਕਰਨਗੀਆਂ**, ਜਦ ਤੂੰ ਲੰਮਾ ਪਵੇਂਗਾ ਤਾਂ ਓਹ ਤੇਰੀ ਰਾਖੀ ਕਰਨਗੀਆਂ, ਅਤੇ ਜਦ ਤੂੰ ਜਾਗੇਂਗਾ ਤਾਂ ਓਹ ਤੇਰੇ ਨਾਲ ਗੱਲਾਂ ਕਰਨਗੀਆਂ।

ਬਹੁਤ ਸਾਰੇ ਜਵਾਨ ਅੱਜ ਸਪੱਸ਼ਟ ਦਿਸ਼ਾ ਤੋਂ ਬਿਨ੍ਹਾਂ ਭਟਕ ਰਹੇ ਹਨ ਅਤੇ ਲਗਾਤਾਰ ਗਲਤ ਫੈਸਲੇ ਲੈ ਰਹੇ ਹਨ **ਕਿਉਂਕਿ** ਉਹ ਆਪਣੇ ਮਾਪਿਆਂ ਦੇ **ਅਧਿਕਾਰ** ਦਾ **ਇਨਕਾਰ** ਕਰਦੇ ਹਨ ਜਾਂ **ਵਿਦਰੋਹ** ਕਰਦੇ ਹਨ।

ਆਪਣੇ ਮਾਪਿਆਂ ਦੇ ਅਧਿਕਾਰ ਤੋਂ ਬਚਣ ਲਈ ਬਹੁਤ ਸਾਰੇ ਜਵਾਨ **ਭੱਜ** ਜਾਂਦੇ ਹਨ ਅਤੇ ਫੌਜ ਵਿੱਚ ਭਰਤੀ ਹੋ ਜਾਂਦੇ ਹਨ। ਫਿਰ ਸਖ਼ਤ ਢੰਗ ਨਾਲ ਅਧਿਕਾਰ ਵਿੱਚ ਰਹਿਣਾ ਸਿੱਖਦੇ ਹਨ।

ਬਹੁਤ ਸਾਰੀਆਂ ਕੁੜੀਆਂ ਆਪਣੇ ਮਾਪਿਆਂ ਦੇ ਅਧਿਕਾਰ ਤੋਂ ਬਚਣ ਲਈ **ਭੱਜ** ਜਾਂਦੀਆਂ ਹਨ ਅਤੇ ਜਾ ਕੇ ਵਿਆਹ ਕਰ ਲੈਂਦੀਆਂ ਹਨ ਅਤੇ ਉਦੋਂ ਹੀ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਉਨ੍ਹਾਂ ਦਾ ਪਤੀ ਮਾਪਿਆਂ ਦੀ ਤਰ੍ਹਾਂ ਹੀ ਮੰਗ ਕਰਨ ਵਾਲਾ ਹੁੰਦਾ ਹੈ, ਸਗੋਂ ਉਸ ਤੋਂ ਵੀ ਵਧਕੇ ਹੈ।

ਪਰਮੇਸ਼ੁਰ ਇਖਤਿਆਰ ਤੋਂ ਭੱਜਣ ਦੇ ਬਾਰੇ ਕੀ ਆਖਦਾ ਹੈ?

ਉਤਪਤ 16:19 ਫੇਰ ਯਹੋਵਾਹ ਦੇ ਦੂਤ ਨੇ ਉਹ ਨੂੰ ਆਖਿਆ ਕਿ ਆਪਣੀ ਬੀਬੀ ਕੋਲ **ਮੁੜ ਜਾਹ** ਅਤੇ **ਆਪਣੇ ਆਪ ਨੂੰ ਉਸ ਦੇ ਤਾਬੇ ਕਰ ਦੇਹ।**

(ਹਾਜ਼ਰਾ ਅਬਰਾਹਾਮ ਦੀ ਪਤਨੀ ਸਰਾਹ ਤੋਂ ਭੱਜ ਰਹੀ ਸੀ)

**ਸਾਡੇ ਚਰਿੱਤਰ** ਨੂੰ ਯਿਸੂ ਦੇ ਚਰਿੱਤਰ ਵਰਗਾ ਬਣਦੇ ਹੋਏ ਵੇਖਣ ਲਈ, ਪਰਮੇਸ਼ੁਰ ਸਾਡੇ ਚਰਿੱਤਰ ਦੇ ਬੁਰੇ ਹਿੱਸਿਆਂ ਨੂੰ ਦੂਰ ਕਰਨ ਲਈ ਕਿਸੇ ਵੀ ਅਧਿਕਾਰ ਦਾ ਇਸਤੇਮਾਲ ਕਰੇਗਾ, ਜਿਵੇਂ ਇੱਕ ਸੁਨਿਆਰਾ ਹੀਰੇ ਨੂੰ ਕੱਟਦਾ ਅਤੇ ਅਕਾਰ ਦਿੰਦਾ ਹੈ।

ਜਿਹੜੇ ਅਧਿਕਾਰੀ ਪਰਮੇਸ਼ੁਰ ਨੇ ਸਾਡੇ ਉੱਤੇ ਰੱਖੇ ਹਨ

ਉਹ **ਔਜਾਰ** ਹਨ ਜਿਨ੍ਹਾਂ ਦੀ ਵਰਤੋਂ ਉਹ ਸਾਡੇ ਜੀਵਨ ਵਿੱਚ

**ਚਰਿੱਤਰ ਦੀਆਂ ਕਮੀਆਂ** ਦੀ ਭੀੜ ਨੂੰ ਸਿੱਧ ਕਰਨ ਲਈ ਕਰਦਾ ਹੈ।

ਉਦਾਹਰਣ: ਯੂਸੁਫ਼ - ਉਸ ਨੂੰ ਫ਼ਿਰਊਨ ਦੇ ਅਧੀਨ ਅਧਿਕਾਰ ਦੇਣ ਤੋਂ ਪਹਿਲਾਂ ਉਸ ਦੇ **ਘਮੰਡ** ਨਾਲ ਗੰਭੀਰ ਰੂਪ ਵਿੱਚ ਨਜਿੱਠਣ ਦੀ ਲੋੜ ਸੀ।

ਕਹਾਉਤਾਂ 8:13 ਯਹੋਵਾਹ ਦਾ ਭੈ ਬੁਰਿਆਈ ਤੋਂ ਸੂਗ ਕਰਨਾ ਹੈ, ਘੁਮੰਡ, ਹੰਕਾਰ ਅਤੇ ਬੁਰੀ ਚਾਲ ਨਾਲ, ਪੁੱਠੇ ਮੂੰਹ ਨਾਲ ਵੀ ਮੈਂ ਵੈਰ ਰੱਖਦੀ ਹਾਂ।

VII. ਅਣਆਗਿਆਕਾਰੀ ਦੇ ਚਾਰ ਕਾਰਨ:

1. **ਕਠੋਰਤਾ**

1 ਸਮੂਏਲ 15:23 ਕਿਉਂ ਜੋ **ਬਗਾਵਤ** ਅਤੇ ਜਾਦੂਗਰੀ ਦਾ ਪਾਪ ਇੱਕੋ ਜਿਹਾ ਹੈ, ਅਤੇ **ਖਚਰਊ** ਅਤੇ ਬਦੀ ਅਤੇ ਮੂਰਤੀ ਪੂਜਾ ਇੱਕੋ ਜਿਹੀ ਹੈ।

ਰੋਮੀਆਂ 2:5 ਸਗੋਂ ਆਪਣੀ **ਕਠੋਰਤਾਈ** ਅਤੇ ਪਛਤਾਵੇ ਤੋਂ ਰਹਿਤ ਮਨ ਦੇ ਅਨੁਸਾਰ ਓਸ ਦਿਨ ਵਿੱਚ ਜਦੋਂ ਪਰਮੇਸ਼ੁਰ ਦਾ ਕ੍ਰੋਧ ਅਤੇ ਸੱਚਾ ਨਿਆਉਂ ਪਰਗਟ ਹੋਵੇਗਾ ਆਪਣੇ ਲਈ ਕ੍ਰੋਧ ਇਕੱਠਾ ਕਰੀ ਜਾਂਦਾ ਹੈਂ।

ਯਿਰਮਿਯਾਹ 7:24 ਨਾ ਓਹਨਾਂ ਨੇ ਸੁਣਿਆ ਨਾ ਕੰਨ ਲਾਇਆ, ਪਰ ਓਹ **ਆਪਣਿਆਂ ਮਨ ਮੱਤਿਆਂ** ਅਤੇ ਆਪਣੇ ਬੁਰੇ ਦਿਲ ਦੀ **ਆਕੜ** ਵਿੱਚ ਚੱਲਦੇ ਰਹੇ। ਓਹ ਪਿਛਾਹਾਂ ਨੂੰ ਗਏ ਪਰ ਅੱਗੇ ਨਾ ਵਧੇ।

ਯਿਰਮਿਯਾਹ 18:12 ਪਰ ਓਹ ਆਖਦੇ ਹਨ, ਏਹ ਅਣਹੋਣਾ ਹੈ! ਅਸੀਂ **ਆਪਣੀਆਂ ਜੁਗਤਾਂ ਪਿੱਛੇ ਚੱਲਾਂਗੇ** ਅਤੇ ਸਾਡੇ ਵਿੱਚੋਂ ਹਰ ਮਨੁੱਖ ਆਪਣੇ ਬੁਰੇ ਦਿਲ ਦੀ **ਆਕੜ** ਅਨੁਸਾਰ ਕੰਮ ਕਰੇਗਾ।

2. **ਤਰਕਵਾਦ**

   1. ਧਾਰਨਾਵਾਂ ਅਤੇ ਕੰਮਾਂ ਲਈ ਤਰਕ ਨੂੰ ਉੱਤਮ ਅਗਵਾਈ ਮੰਨ ਕੇ ਭਰੋਸਾ ਕਰਨਾ।
   2. ਸਿਧਾਂਤ ਜੋ ਆਤਮਿਕ ਅਧਿਕਾਰ ਜਾਂ ਆਤਮਿਕ ਪ੍ਰਕਾਸ਼ਣ ਦੇ ਨਾਲੋਂ ਜ਼ਿਆਦਾ ਤਰਕ ਦੇ ਅਨੁਸਾਰ ਹੁੰਦੇ ਹਨ, ਉਹ ਕੰਮਾਂ ਜਾਂ ਧਾਰਨਾਵਾਂ ਦੇ ਲਈ ਚੰਗਾ ਜਾਂ ਉੱਤਮ ਅਧਾਰ ਪ੍ਰਦਾਨ ਕਰਦੇ ਹਨ।
   3. ਸਵੈ-ਸੰਤੁਸ਼ਟੀ ਦੇ ਲਈ ਕਿਸੇ ਦੇ ਵਿਹਾਰ ਦੇ ਬਾਰੇ ਗਲਤ ਤਰਕਾਂ ਉੱਤੇ ਵਿਚਾਰ ਕਰਨਾ।

ਪਰਮੇਸ਼ੁਰ ਦੇ ਅਧਿਕਾਰ ਨੂੰ ਸਵੀਕਾਰ ਕਰਨ ਦੇ ਬਜਾਇ, ਮਨੁੱਖ ਦੇ **ਡਰ** ਤੋਂ ਪ੍ਰੇਰਿਤ **ਤਰਕ** ਨੇ ਅਬਰਾਹਾਮ ਤੋਂ ਝੂਠ ਬੁਲਾਇਆ।

ਉਤਪਤ 20:11 ਤਾਂ ਅਬਰਾਹਾਮ ਨੇ ਆਖਿਆ ਏਸ ਲਈ ਕਿ **ਮੈਂ ਆਖਿਆ** ਭਈ ਪਰਮੇਸ਼ੁਰ ਦਾ ਡਰ ਏਸ ਥਾਂ ਜ਼ਰੂਰ ਨਹੀਂ ਹੈ ਅਰ ਓਹ ਮੇਰੀ ਪਤਨੀ ਦੀ ਖ਼ਾਤਰ ਮੈਨੂੰ ਮਾਰ ਸੁੱਟਣਗੇ।

ਮਨੁੱਖ ਦੇ ਡਰ ਨੇ ਯਾਕੂਬ ਵਿੱਚ **ਤਰਕ** ਨੂੰ ਪੈਦਾ ਕੀਤਾ ਅਤੇ ਉਸ ਨੇ ਲਾਬਾਨ ਨੂੰ ਧੋਖਾ ਦਿੱਤਾ।

ਉਤਪਤ 31:31 ਤਾਂ ਯਾਕੂਬ ਨੇ ਲਾਬਾਨ ਨੂੰ ਉੱਤਰ ਦੇ ਕੇ ਆਖਿਆ, ਏਸ ਲਈ ਕਿ **ਮੈਂ ਡਰਿਆ** ਤੇ **ਮੈਂ ਆਖਿਆ** ਕਿ ਤੂੰ ਮੈਥੋਂ ਆਪਣੀਆਂ ਧੀਆਂ ਨੂੰ ਜੋਰ ਨਾਲ ਖੋਹ ਕੇ ਲੈ ਜਾਵੇਂਗਾ।

3. **ਪਰਮੇਸ਼ੁਰ** ਲਈ ਪਿਆਰ ਜਾਂ ਵਿਅਕਤੀ (ਅਧਿਕਾਰੀ) ਲਈ ਆਦਰ ਕਮਜ਼ੋਰੀ ਹੈ।

ਜਿਹ ਦੇ ਕੋਲ ਮੇਰੇ ਹੁਕਮ ਹਨ ਅਤੇ ਉਹ ਉਨ੍ਹਾਂ ਦੀ ਪਾਲਨਾ ਕਰਦਾ ਹੈ ਸੋਈ ਹੈ ਜੋ ਮੈਨੂੰ ਪਿਆਰ ਕਰਦਾ ਹੈ….. ਯੂਹੰਨਾ 14:21
ਜੇ ਕੋਈ ਮੈਨੂੰ ਪਿਆਰ ਕਰਦਾ ਹੈ ਉਹ ਮੇਰੇ ਬਚਨ ਦੀ ਪਾਲਨਾ ਕਰੇਗਾ। ਯੂਹੰਨਾ 14:23

ਜਿਹੜਾ ਮੈਨੂੰ ਪਿਆਰ ਨਹੀਂ ਕਰਦਾ ਉਹ ਮੇਰੇ ਬਚਨਾਂ ਦੀ ਪਾਲਨਾ ਨਹੀਂ ਕਰਦਾ। ਯੂਹੰਨਾ 14:24

4. ਪਰਮੇਸ਼ੁਰ ਜਾਂ ਵਿਅਕਤੀ ਦਾ **ਡਰ** ਕਮਜ਼ੋਰ ਹੈ।

ਇਸ ਲਈ ਅਸੀਂ ਜ਼ਿਆਦਾ ਨਿਰਭਰ ਕਰਦੇ ਹਾ . . . **ਆਪਣੇ** ਉੱਤੇ! ਆਪਣੇ **ਤਰਕਵਾਦ** ਉੱਤੇ!

## VIII. ਅਧਿਕਾਰੀਆਂ ਨੂੰ ਪ੍ਰਤੀਉੱਤਰ ਦੇਣਾ

ਭਾਵੇਂ ਅਧਿਕਾਰੀ ਕਿੰਨੇ ਵੀ ਬੁਰੇ ਜਾਂ ਅਨੁਚਿਤ ਹੋਣ, ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਉਨ੍ਹਾਂ ਨੂੰ ਪ੍ਰਤੀਉੱਤਰ ਦੇਈਏ।

ਜਿਹੜੇ ਸਖ਼ਤ ਹਨ ਪਰਮੇਸ਼ੁਰ ਉਨ੍ਹਾਂ ਦੀ ਵਰਤੋਂ ਸਾਡੇ ਵਿੱਚ ਪਰਿਪੱਕ ਰਵੱਈਏ ਦਾ ਵਿਕਾਸ ਕਰਨ ਲਈ, ਸਾਨੂੰ ਪ੍ਰੇਰਿਤ ਕਰਨ ਵਾਸਤੇ ਕਰ ਸਕਦਾ ਹੈ।

ਪਰਮੇਸ਼ੁਰ ਉਸ ਦੇ ਲਈ ਚਿੰਤਤ ਨਹੀਂ ਹੈ ਜੋ ਦੁੱਖ ਅਸੀਂ ਝੱਲਦੇ ਹਾਂ, ਉਹ ਉਸ ਲਈ ਚਿੰਤਤ ਹੈ ਕਿ ਜੋ ਉਸ ਅਸੀਂ ਝੱਲਦੇ ਹਾਂ ਉਸ ਦੇ ਵਿੱਚ ਸਾਡਾ ਪ੍ਰਤੀਉੱਤਰ ਕੀ ਹੈ।

ਜੋ ਕੁਝ ਵੀ ਉਹ ਸਾਡੇ ਅਨੁਭਵ ਕਰਨ ਲਈ ਤਿਆਰ ਕਰਦਾ ਹੈ ਜਾਂ ਸਾਡੇ ਨਾਲ ਹੋਣ ਦਿੰਦਾ ਹੈ, ਉਸ ਵਿੱਚ ਉਸ ਦੀ ਮੁੱਖ ਚਿੰਤਾ ਹੈ ਕਿ ਸਾਡਾ ਰਵੱਈਆ ਉਸ ਦੇ ਪੁੱਤਰ ਯਿਸੂ ਮਸੀਹ ਦੇ ਰਵੱਈਏ ਵਰਗਾ ਹੋ ਜਾਵੇ।

ਅਧਿਕਾਰੀ **ਅਸਲ ਵਿੱਚ ਕੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ,** ਉਸ ਨੂੰ **ਸਮਝਣਾ** ਸਿੱਖਣਾ **ਮਹੱਤਵਪੂਰਣ** ਹੈ।

- ਧਿਆਨ ਨਾਲ ਸੁਣੋ
- ਉਨ੍ਹਾਂ ਦੇ ਨਜ਼ਰੀਏ ਨਾਲ ਵੇਖਣ ਦੀ ਕੋਸ਼ਿਸ਼ ਕਰੋ

ਖਾਸ ਕਰ ਕੇ ਜਦੋਂ ਸਾਨੂੰ ਕੁਝ ਅਜਿਹਾ ਕਰਨ ਲਈ ਕਿਹਾ ਜਾਂਦਾ ਹੈ ਜੋ

ਵਚਨ ਜਾਂ ਨੈਤਿਕ ਵਿਸ਼ਵਾਸ ਨੂੰ ਭੰਗ ਕਰਦਾ ਹੈ

ਅੰਤਿਮ ਸ਼ਬਦ: **ਮਨੁੱਖਾਂ ਦੇ ਹੁਕਮ ਨਾਲੋਂ ਪਰਮੇਸ਼ੁਰ ਦਾ ਹੁਕਮ ਮੰਨਣਾ ਜਰੂਰੀ ਹੈ।** (ਰਸੂਲਾਂ ਦੇ ਕਰਤੱਬ 5:29)

ਪਰ ਜਿਵੇਂ ਅਸੀਂ ਪ੍ਰਤੀਉੱਤਰ ਦਿੰਦੇ ਹਾਂ ਉਹ ਬਹੁਤ ਮਹੱਤਵਪੂਰਣ ਹੈ।

ਸਾਡੀ ਉਦਾਹਰਣ **ਦਾਨੀਏਲ** ਹੈ।
ਉਸ ਨੂੰ ਕੁਧਰਮੀ ਵਿਦੇਸੀ ਸਰਕਾਰ ਦੇ ਦੁਆਰਾ ਬੰਧੀ ਬਣਾ ਲਿਆ ਗਿਆ ਸੀ, ਉਸ ਨੂੰ ਘਰ, ਪਰਿਵਾਰ ਅਤੇ ਦੇਸ ਤੋਂ ਦੂਰ ਲਿਜਾਇਆ ਗਿਆ ਅਤੇ ਉਹ ਕੰਮ ਕਰਨ ਦਾ **ਹੁਕਮ ਦਿੱਤਾ ਗਿਆ** ਜੋ ਪਰਮੇਸ਼ੁਰ ਦੇ ਵਚਨ ਦੇ ਵਿਰੁੱਧ ਸਨ।

ਦਾਨੀਏਲ 1:8 **ਪਰ ਦਾਨੀਏਲ ਨੇ ਆਪਣੇ ਦਿਲ ਵਿੱਚ ਮਨਸ਼ਾ ਬੰਨ੍ਹੀ ਭਈ ਆਪਣੇ ਤਾਈਂ ਨਪਾਕ ਨਾ ਕਰੇ**

ਦਾਨੀਏਲ ਨੇ ਵੀ ਅਧਿਕਾਰੀਆਂ ਨੂੰ **ਪਰਿਪੱਕ ਰਵੱਈਆ** ਵਿਖਾਇਆ। ਉਸ ਦੇ ਰਵੱਈਏ ਦੇ ਕਾਰਨ ਉਸ ਉੱਤੇ **ਕਿਰਪਾ** ਹੋਈ। ਉਸ ਨੇ ਆਗਿਆ ਮੰਨਣ ਤੋਂ ਇਨਕਾਰ ਨਹੀਂ ਕੀਤਾ। ਜਦੋਂ ਉਸ ਨੂੰ ਉਹ ਖਾਣ ਅਤੇ ਪੀਣ ਲਈ ਕਿਹਾ ਗਿਆ ਜੋ ਵਚਨ ਨੂੰ ਭੰਗ ਕਰਦਾ ਸੀ, ਦਾਨੀਏਲ ਨੇ ਜਾਣਿਆ ਕਿ ਉਨ੍ਹਾਂ ਦਾ **ਅਸਲ ਇਰਾਦਾ** ਉਸ ਦੇ ਵਿਸ਼ਵਾਸ ਨੂੰ ਭੰਗ ਕਰਨਾ ਨਹੀਂ ਸੀ, ਸਗੋਂ ਉਸ ਨੂੰ ਸਿਹਤਮੰਦ ਅਤੇ ਬੁੱਧੀਮਾਨ ਬਣਾਉਣਾ ਸੀ। ਉਸ ਨੇ ਇੱਕ **ਰਚਨਾਮਤਕ ਬਦਲ** ਦਾ ਸੁਝਾਅ ਦਿੱਤਾ, ਜੋ ਉਸ ਦੇ ਵਿਸ਼ਵਾਸ ਨੂੰ ਭੰਗ ਨਹੀਂ ਕਰੇਗਾ ਅਤੇ ਅਧਿਕਾਰੀਆਂ ਦੇ ਮਕਸਦ ਨੂੰ ਵੀ ਪੂਰਾ ਹੋਣ ਦੇਵੇਗਾ।

ਆਪਣੇ ਅਧਿਕਾਰੀਆਂ ਨੂੰ ਬੇਨਤੀ ਵਿੱਚ ਦਾਨੀਏਲ ਦੁਆਰਾ **ਆਦਰ**, **ਰਚਨਾਤਮਕਤਾ** ਅਤੇ **ਸ਼ਬਦਾਂ ਦੀ ਧਿਆਨ ਨਾਲ ਚੋਣ** ਉੱਤੇ ਧਿਆਨ ਦੇਵੋ।

ਦਾਨੀਏਲ 1:12-14 ਭਈ ਤੂੰ ਦਸ ਦਿਨ ਤੀਕਰ ਆਪਣੇ ਬੰਦਿਆਂ ਨੂੰ ਪਰਖ ਕੇ ਵੇਖਣਾ ਅਤੇ ਖਾਣ ਲਈ ਦਾਲ ਤੇ ਪੀਣ ਲਈ ਪਾਣੀ ਸਾਨੂੰ ਦਿਵਾਉਣਾ। ਤਦ ਸਾਡੇ ਮੂੰਹ ਅਤੇ ਉਨ੍ਹਾਂ ਜੁਆਨਾਂ ਦੇ ਮੂੰਹ ਜਿਹੜੇ ਰਾਜੇ ਦਾ ਸੁਆਦਲਾ ਭੋਜਨ ਖਾਂਦੇ ਹਨ ਤੇਰੇ ਸਾਹਮਣੇ ਵੇਖੇ ਜਾਣ, ਫੇਰ ਆਪਣੇ ਬੰਦਿਆਂ ਨਾਲ ਜੋ ਤੂੰ ਠੀਕ ਸਮਝੇਂ ਕਰੀਂ। ਸੋ ਉਸ ਨੇ ਉਨ੍ਹਾਂ ਦੀ ਏਹ ਗੱਲ ਮੰਨੀ ਅਤੇ ਦਸ ਦਿਨ ਤੀਕਰ ਉਨ੍ਹਾਂ ਨੂੰ ਪਰਖਿਆ।

ਜਦੋਂ ਸਾਡਾ ਰਵੱਈਆ ਸਹੀ ਹੈ ਅਤੇ ਅਸੀਂ ਹਲੀਮੀ ਅਤੇ ਧਿਆਨ ਨਾਲ ਆਪਣੀ ਬੇਨਤੀ ਕੀਤੀ ਹੈ, ਤਾਂ ਸਾਨੂੰ ਰੁਕਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਫੈਸਲੇ ਦੀ ਉਡੀਕ ਕਰਨੀ ਚਾਹੀਦੀ ਹੈ।

ਸਾਨੂੰ ਪਰਮੇਸ਼ੁਰ ਨੂੰ "ਉਨ੍ਹਾਂ ਦਾ ਮਨ ਬਦਲਣ" ਲਈ ਸਮਾਂ ਦੇਣਾ ਚਾਹੀਦਾ ਹੈ।

ਕਹਾਉਤਾਂ 16:7 ਜਦ ਕਿਸੇ ਦੀ ਚਾਲ ਯਹੋਵਾਹ ਨੂੰ ਭਾਉਂਦੀ ਹੈ, ਤਾਂ ਉਹ ਉਸ ਦੇ ਵੈਰੀਆਂ ਦਾ ਵੀ ਉਸ ਨਾਲ ਮੇਲ ਕਰਾਉਂਦਾ ਹੈ।

ਕਹਾਉਤਾਂ 21:1 ਪਾਤਸ਼ਾਹ ਦਾ ਮਨ ਯਹੋਵਾਹ ਦੇ ਹੱਥ ਵਿੱਚ ਪਾਣੀ ਦੀਆਂ ਖਾਲਾਂ ਵਾਂਙੁ ਹੈ, ਉਹ ਜਿੱਧਰ ਚਾਹੁੰਦਾ ਹੈ ਉਹ ਨੂੰ ਮੋੜਦਾ ਹੈ।

ਇੱਥੋਂ ਤੱਕ ਕਿ ਜਦੋਂ ਫਿਰਊਨ ਨੇ ਆਪਣੇ ਮਨ ਨੂੰ ਕਠੋਰ ਕਰਨਾ ਜਾਰੀ ਰੱਖਿਆ, ਤਾਂ ਪਰਮੇਸ਼ੁਰ ਨੇ ਉਸ ਉੱਤੇ ਦਬਾਓ ਨੂੰ ਵਧਾਇਆ ਜਦੋਂ ਤੱਕ ਉਸ ਨੇ ਇਸਰਾਏਲ ਨੂੰ ਜਾਣ ਨਹੀਂ ਦਿੱਤਾ। ਇਸ ਦੌਰਾਨ ਇਸਰਾਏਲ ਮਜ਼ਬੂਤ ਬਣ ਗਿਆ, ਜਦੋਂ ਉਨ੍ਹਾਂ ਨੇ ਉਨ੍ਹਾਂ ਦੀ ਆਗਿਆ ਮੰਨੀ ਜੋ ਉਨ੍ਹਾਂ ਦੇ ਉੱਤੇ ਰਾਜ ਕਰਦੇ ਸਨ:

ਓਹਨਾਂ ਦੇ ਗੋਤਾਂ ਵਿੱਚ ਕੋਈ ਡਗਮਗਾਉਣ ਵਾਲਾ ਨਾ ਸੀ। ਜ਼ਬੂਰਾਂ ਦੀ ਪੋਥੀ 105:37

ਜਦੋਂ ਅਸੀਂ ਆਪਣੇ ਅਧਿਕਾਰੀਆਂ ਦੀ ਆਗਿਆ ਮੰਨਦੇ ਹਾਂ, ਸਮੱਸਿਆਵਾਂ ਅਤੇ ਦੁੱਖਾਂ ਨੂੰ ਧੀਰਜ ਨਾਲ ਸਹਿਣ ਕਰਦੇ ਹਾਂ ਅਤੇ ਵਿਦਰੋਹ ਕਰਨ ਤੋਂ ਇਨਕਾਰ ਕਰਦੇ ਹਾਂ, ਤਾਂ ਪਰਮੇਸ਼ੁਰ "ਸਭ ਚੀਜ਼ਾਂ ਸਾਡੇ ਭਲੇ ਲਈ ਕਰਦਾ ਹੈ।

ਜਦੋਂ ਅਧਿਕਾਰੀਆਂ ਨੇ ਰਸੂਲਾਂ ਨੂੰ ਪ੍ਰਚਾਰ ਕਰਨਾ ਬੰਦ ਕਰਨ ਲਈ ਕਿਹਾ, ਤਾਂ ਪਤਰਸ ਨੇ ਉੱਤਰ ਦਿੱਤਾ: **ਮਨੁੱਖਾਂ ਦੇ ਹੁਕਮ ਨਾਲੋਂ ਪਰਮੇਸ਼ੁਰ ਦਾ ਹੁਕਮ ਮੰਨਣਾ ਜਰੂਰੀ ਹੈ।** ਰਸੂਲਾਂ ਦੇ ਕਰਤੱਬ (5:27-32) ਅਤੇ ਨਤੀਜਿਆਂ ਨੂੰ ਝੱਲਣ ਲਈ ਤਿਆਰ ਰਹਿਣਾ ਚਾਹੀਦਾ ਹੈ, ਭਾਵੇਂ ਸਲੀਬ ਉੱਤੇ ਚੜ੍ਹਨਾ ਪਵੇ ਜਿਵੇਂ ਯਿਸੂ ਚੜ੍ਹਿਆ, ਜੋ ਸਾਡੇ ਲਈ ਇੱਕ ਉਦਾਹਰਣ ਹੈ।

IX. ਜਦੋਂ ਤੁਹਾਨੂੰ ਕੁਝ ਅਜਿਹਾ ਕਰਨ ਲਈ ਕਿਹਾ ਜਾਂਦਾ ਹੈ ਜਿਸ ਨੂੰ ਤੁਸੀਂ ਗਲਤ ਸਮਝਦੇ ਹੋ ਤਾਂ ਇਸ ਸਥਿਤੀ ਲਈ ਸੱਤ ਕਦਮ।

1. ਆਪਣੇ ਰਵੱਈਏ ਦੀ ਜਾਂਚ ਕਰੋ

- ਇੱਕ ਅਜ਼ਾਦ ਆਤਮਾ ਬੇਵਫ਼ਾਈ ਦਾ ਅਧਾਰ ਹੈ।
- ਇੱਕ ਦੋਸ਼ ਲਾਉਣ ਵਾਲੀ ਆਤਮਾ ਸਵੈ-ਧਾਰਮਿਕਤਾ ਦਾ ਅਧਾਰ ਹੈ
- ਇੱਕ ਨਾ-ਸ਼ੁਕਰਗੁਜ਼ਾਰ ਆਤਮਾ ਘਮੰਡ ਦਾ ਅਧਾਰ ਹੈ
- ਇੱਕ ਆਲਸੀ ਆਤਮਾ ਬੇਈਮਾਨੀ ਅਤੇ ਗਰੀਬੀ ਦਾ ਅਧਾਰ ਹੈ
- ਇੱਕ ਕੁੜੱਤਣ ਦਾ ਆਤਮਾ ਸੁਆਰਥੀ ਹੋਣ ਦਾ ਅਧਾਰ ਹੈ
- ਇੱਕ ਅਸ਼ੁੱਧ ਆਤਮਾ ਸਵੈ-ਅਨੰਤਤਾ ਦਾ ਅਧਾਰ ਹੈ

2. ਆਪਣੇ ਵਿਵੇਕ ਨੂੰ ਸਾਫ਼ ਕਰੋ

- ਉਨ੍ਹਾਂ ਵਿਹਾਰਾਂ ਨੂੰ ਸਹੀ ਕਰੋ ਜਿਨ੍ਹਾਂ ਨੇ ਠੇਸ ਪਹੁੰਚਾਈ ਹੈ
- ਅਧਿਕਾਰੀਆਂ ਦੀਆਂ ਇੱਛਾਵਾਂ ਅਤੇ ਨਾ ਪੂਰੇ ਕੀਤੇ ਗਏ ਹੁਕਮਾਂ ਨੂੰ ਪੂਰਾ ਕਰੋ
- ਇਹ ਮੰਨੋ ਕਿ ਅਸੀਂ ਗਲਤ ਹਾਂ ਅਤੇ ਮਾਫ਼ੀ ਮੰਗੋ

- ਸਹੀ ਸਬੰਧ ਨੂੰ ਬਹਾਲ ਕਰਨ ਲਈ ਜ਼ਰੂਰੀ ਸੁਧਾਰ ਕਰੋ
- ਦੂਸਰਿਆਂ ਨੂੰ ਠੇਸ ਪਹੁੰਚਾਉਣ ਤੋਂ ਬਚਣ ਲਈ ਆਪਣੀ ਅਜ਼ਾਦੀ ਨੂੰ ਸੀਮਤ ਕਰੋ

3. ਮੂਲ ਇਰਾਦਿਆਂ ਨੂੰ ਸਮਝੋ

- ਵਿਅਕਤੀ ਨੂੰ ਪੁੱਛੋ ਕਿ ਉਨ੍ਹਾਂ ਦੇ ਟੀਚੇ ਅਤੇ ਇੱਛਾਵਾਂ ਕੀ ਹਨ
- ਇਹ ਸਮਝਣ ਦੀ ਕੋਸ਼ਿਸ਼ ਕਰੋ ਕਿ ਉਹ ਇਹ ਹੁਕਮ ਕਿਉਂ ਦੇ ਰਹੇ ਹਨ
- ਉਨ੍ਹਾਂ ਨੂੰ ਆਖੋ ਕਿ ਤੁਹਾਡੀ ਸਮਝਣ ਵਿੱਚ ਮਦਦ ਕਰਨ

4. ਰਚਨਾਤਮਕ ਬਦਲ ਤਿਆਰ ਕਰੋ

- ਰਚਨਾਤਮਕ ਹੋਣ ਲਈ ਵਿਰੋਧ ਦੇ ਹਰੇਕ ਆਤਮਾ ਨੂੰ ਦੂਰ ਕਰੋ
- ਮੁਸ਼ਕਲ ਹਾਲਾਤਾਂ ਦੀ ਵਰਤੋਂ ਆਪਣੇ ਹਵਾਲਿਆਂ ਦੇ ਢਾਂਚੇ ਦਾ ਵਿਸਤਾਰ ਕਰਨ ਲਈ ਕਰੋ
- ਕਹਾਉਤਾਂ ਤੋਂ ਮੁਸ਼ਕਲ ਹਾਲਾਤਾਂ ਲਈ ਸਮਝ ਪ੍ਰਾਪਤ ਕਰੋ
- ਇੱਕ ਅਜਿਹੇ ਬਦਲ ਨੂੰ ਤਿਆਰ ਕਰੋ, ਜਿਸ ਨੂੰ ਉਹ ਵੇਖਣ ਕਿ ਇਹ ਉਨ੍ਹਾਂ ਦੇ ਟੀਚੇ ਨੂੰ ਪੂਰਾ ਕਰ ਸਕਦਾ ਹੈ

5. ਆਪਣੇ ਅਧਿਕਾਰ ਜਾਂ ਇਖਤਿਆਰ ਨੂੰ ਬੇਨਤੀ ਕਰਨਾ

- ਇੱਕ ਸੇਵਕ ਅਤੇ ਸਿੱਖਣ ਵਾਲੇ ਦਾ ਆਤਮਾ ਰੱਖੋ
- ਦੋਸ਼ ਲਗਾਉਣ ਦੀ ਆਤਮਾ ਤੋਂ ਬਿਨ੍ਹਾਂ ਵਿਅਕਤੀਗਤ ਦ੍ਰਿੜਤਾਵਾਂ ਬਾਰੇ ਦੱਸੋ
- ਰਚਨਾਤਮਕ ਬਦਲ ਪੇਸ਼ ਕਰੋ
- ਵਿਆਖਿਆ ਕਰੋ ਕਿ ਇਹ ਉਨ੍ਹਾਂ ਦੇ ਟੀਚੇ ਨੂੰ ਕਿਵੇਂ ਪੂਰਾ ਕਰੇਗਾ
- ਆਖਰੀ ਫੈਸਲਾ ਉਨ੍ਹਾਂ ਉੱਤੇ ਛੱਡ ਦੇਵੋ

6. ਉਨ੍ਹਾਂ ਦਾ ਮਨ ਬਦਲਣ ਲਈ ਪਰਮੇਸ਼ੁਰ ਨੂੰ ਸਮਾਂ ਦਿਓ

- ਅਧਿਕਾਰੀਆਂ ਉੱਤੇ ਪਰਮੇਸ਼ੁਰ ਵੱਲੋਂ ਬਾਹਰੀ ਦਬਾਓ ਲਿਆਉਣ ਦੀ ਉਮੀਦ ਕਰੋ

- ਤੁਹਾਡੇ ਉੱਤੇ ਉਸ ਵੱਲੋਂ ਵਧੇਰੇ ਦਬਾਓ ਲਿਆਉਣ ਦੀ ਉਮੀਦ ਕਰੋ

- ਇਹ ਜਾਣੋ ਕਿ ਪਰਮੇਸ਼ੁਰ ਸਾਡੇ ਫਾਇਦਿਆਂ ਲਈ ਆਪਣੇ ਦਬਾਓ ਦੀ ਵਰਤੋਂ ਕਰੇਗਾ

- ਸਹੀ ਪ੍ਰਤੀਉੱਤਰਾਂ ਦਾ ਨਿਰਮਾਣ ਕਰੋ, ਜੋ ਉਸ ਦੇ ਬਦਲੇ ਹੋਏ ਫੈਸਲਿਆਂ ਦਾ ਅਧਾਰ ਹੋਣਗੇ

7. ਜੋ ਗਲਤ ਹੈ ਉਸ ਨੂੰ ਕਰਨ ਦੁਆਰਾ ਦੁੱਖ ਨਾ ਝੱਲੋ

   - ਪ੍ਰਭੂ ਯਿਸੂ ਦਾ ਇਨਕਾਰ ਕਰਨ ਦੀ ਬਜਾਇ ਚੇਲੇ ਆਪਣੇ ਪਰਿਵਾਰਾਂ ਵੱਲੋਂ ਖੁਦ ਦਾ ਇਨਕਾਰ ਕੀਤੇ ਜਾਣ ਦੇ ਇੱਛੁਕ ਸਨ (ਮੱਤੀ 10:32-39)

   - ਸਰਕਾਰੀ ਅਧਿਕਾਰੀਆਂ ਅਤੇ ਧਾਰਮਿਕ ਆਗੂਆਂ ਦੁਆਰਾ ਮਨ੍ਹਾ ਕਰਨ ਦੇ ਬਾਵਜੂਦ ਵੀ ਚੇਲੇ ਖੁਸ਼ਖਬਰੀ ਦਾ ਪ੍ਰਚਾਰ ਕਰਨ ਲਈ ਇੱਛੁਕ ਸਨ (ਰਸੂਲਾਂ ਦੇ ਕਰਤੱਬ 4:19)

   - ਰਾਜੇ ਦੀ ਅਰਾਧਨਾ ਕਰਨ ਲਈ ਪਰਮੇਸ਼ੁਰ ਦੀ ਅਰਾਧਨਾ ਨੂੰ ਬੰਦ ਕਰਨ ਦੀ ਬਜਾਇ ਦਾਨੀਏਲ ਮਰਨ ਦੇ ਲਈ ਇੱਛੁਕ ਸੀ (ਦਾਨੀਏਲ 6:12-16)

ਆਖਰੀ ਭਾਗ ਲਈ ਹਵਾਲਾ:
Research in Principles of Life – Basic Seminar Textbook
Institute in Basic Youth Conflicts, Inc.